ਮਾਸਕ ਪੱਤਰ

ੴ


# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ)

ਜੂਨ ੧੯੮੪

JUN 1984



ਪੰਜਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਸੱਚੇ ਮੁਹੱਕਕ ਸੰਤ ਭਗਤ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਸੰਤ' ਪਦ ਸਿਖ ਪ੍ਰਥਾਇ | ੪ | ,, ,, ,, |
| ਸਤਿਗੁਰੂ—ਬੇਦ ਕਤੇਬੀ ਮੱਤ ਅਤੇ ਗੁਰਮਤਿ ਵਿਲੱਖਣਤਾ | ੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਪੰਚਮ ਪਾਤਸ਼ਾਹ ਦੀ ਸ਼ਹੀਦੀ | ੧੯ | ਸ: ਪ੍ਰੀਤਮ ਸਿੰਘ ਜੀ ਅਣਜਾਣ ਐਮ.ਏ. |
| ਜੀਵਨ-ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੯) | ੨੩ | ਸ: ਪ੍ਰੀਤਮ ਸਿੰਘ ਜੀ, ਲੁਧਿਆਣਾ |
| ਅੰਮ੍ਰਿਤ-ਸਿੰਚਾਰ ਦੇ ਨਿਯਮਾਂ ਵਿਚ ਢਿਲ ਕਿਉਂ ? | ੨੫ | ਸ: ਹਰਬੰਸ ਸਿੰਘ ਜੀ ਲਾਇਲਪੁਰੀ |
| ਕੇਸ ਅਤੇ ਕੇਸਕੀ | ੨੬ | ਸ: ਮਦਨ ਸਿੰਘ ਜੀ ਯੂ. ਕੇ. |
| ਇਕ ਸਿਖ ਨੌਜਵਾਨ ਦੀ ਬੇਮਿਸਾਲ ਕੁਰਬਾਨੀ | ੨੮ | ਪ੍ਰੋਫੈਸਰ ਪ੍ਰੀਤਮ ਸਿੰਘ ਜੀ |
| ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਇਸ਼ਨਾਨ | ੩੧ | ਇਕ ਵਿਦਿਆਰਥੀ |
| ਦੁਖਭੰਜਨੀ ਇਸ਼ਨਾਨ ਦੀ ਜ਼ਾਹਰਾ ਕਲਾ | ੩੩ | ਅਜੀਤ, ਜਲੰਧਰ |
| ਤੰਬਾਕੂ ਦੀ ਮਨਾਹੀ ਬਾਰੇ ਸਹੀ ਫੈਸਲੇ ਦੀ ਲੋੜ ਹੈ | ੩੪ | 'ਸੂਰਾ' ਪਰਵਾਰ |
| ਪੰਥਕ ਖ਼ਬਰਾਂ | ੩੫ | ਅਖ਼ਬਾਰਾਂ ਦੀ ਜ਼ਬਾਨੀ |


ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾਏ — ੩ ਜੂਨ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ਧਾਰਿਆ — ੧੪ ਜੂਨ

# 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਤਰਿਸ਼ਨ ਸਿੰਘ ਬੁਢਾ ਕੋਟ ... ... ... | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੧-੦੦ |
| ਸ: ਸੰਤੋਖ ਸਿੰਘ ਕਲਕੱਤਾ ... ... ... | ,, ,, ,, | ੧੦੧-੦੦ |
| ਬੀਬੀ ਗੁਰਦੀਪ ਕੌਰ ਜਲੰਧਰ ... | ਸਪੁਤਰ ਕਾਕਾ ਪ੍ਰਵਿੰਦਰ ਸਿੰਘ ਦੀ ਨੌਕਰੀ ਦੀ ਖੁਸ਼ੀ ਵਿਚ | ੫੦-੦੦ |
| ਮਿਸਤਰੀ ਲਾਲ ਸਿੰਘ ਅੰਮ੍ਰਿਤਸਰ | ਸ਼ਹੀਦ ਸਪੁਤਰ ਧਰਮਬੀਰ ਸਿੰਘ ਦੀ ਯਾਦ ਵਿਚ ਸ੍ਰੀ ਅਖੰਡਪਾਠ ਦੀ ਸੇਵਾ | ੯੮-੯੦ |
| ਬੀਬੀ ਪਲਮਿੰਦਰ ਕੌਰ ਰੇਡਿੰਗ ਯੂ. ਕੇ. ... ... ... | 'ਸੂਰਾ' ਦੀ ਚੜ੍ਹਦੀ ਕਲਾਂ ਲਈ | ੯੦-੬੦ |
| ਭਾ: ਬਲਬੀਰ ਸਿੰਘ ਬਰਮਿੰਘਮ ਯੂ. ਕੇ. ... ... ... | ,, ,, ,, | ੧੮੧-੨੦ |
| ਭਾ: ਨਿਰਮਲ ਸਿੰਘ ਸਲੋ ਯੂ.-ਕੇ. ... ... ... | ,, ,, ,, | ੧੮੧-੨੦ |
| ਭਾ: ਮਨਜੀਤ ਸਿੰਘ ਸਾਊਥਾਲ ਯੂ. ਕੇ. ... ... ... | ,, ,, ,, | ੩੫-੭੦ |
| ਸ: ਜਗਦੇਵ ਸਿੰਘ ਅਬੂਧਾਬੀ ... ... | ਸਿੰਘਣੀ ਦੀ ਮਾਨਸਕ ਚੜ੍ਹਦੀ ਕਲਾ ਲਈ | ੪੬੪-੮੦ |
| ਸ: ਕੰਵਰ ਸਿੰਘ ਅੰਮ੍ਰਿਤਸਰ ... ... | ਸ੍ਰੀ ਅਖੰਡ ਪਾਠ ਸਮਾਗਮ ਦੇ ਭੋਗ ਸਮੇਂ | ੫੧-੮੦ |
| ਸ: ਅਮਰਜੀਤ ਸਿੰਘ ਕਾਨਪੁਰ. ... | ਵੀਰ ਸਤਵੰਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੧੦੧-੦੦ |
| ਸ: ਨਿਰਮਲ ਸਿੰਘ ਝਸ ਕਲਿਆਨ ... | ਕਾਕਾ ਮਨਜੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੧੧-੮੦ |
| ਸ: ਈਸ਼ਰ ਸਿੰਘ ਮੁੱਲਾਂਪੁਰ ... ... | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੮੦-੮੦ |
| ਸ: ਕਰਤਾਰ ਸਿੰਘ ਬਠਿੰਡਾ ... ... ... | ,, ,, ,, | ੭੫-੦੦ |
| ਗਿ: ਨਾਹਰ ਸਿੰਘ ਜੋਧਾਂ ... ... | ਮੇਜਰ ਕੇਹਰ ਸਿੰਘ ਭਨੋਤ ਦੇ ਅਕਾਲ ਚਲਾਣੇ ਸਮੇਂ | ੨੫੦-੦੦ |
| ਬੀਬੀ ਹਰਭਜਨ ਕੌਰ ਕਾਨਪੁਰ ... ... ... | 'ਸੂਰਾ' ਦੀ ਚੜ੍ਹਦੀ ਕਲਾ ਲਈ | ੬-੦੦ |
| ਭਾ: ਬੰਤਾ ਸਿੰਘ ਰੀਹਲ ਬਰਮਿੰਘਮ ਯੂ. ਕੇ. ... ... | ਸੂਰਾ' ਦੀ ਚੜ੍ਹਦੀ ਕਲਾ ਲਈ | ੪੦-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੬.੮੪ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੦੦
ਹਵਾਈ ਡਾਕ
ਅਰਬ, ਮਲਾਇਆ ੫੫-੦੦
ਯੂ. ਕੇ., ਅਫਰੀਕਾ ੭੫-੦੦
ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ**
**ਲਾਈਫ ਮੈਂਬਰ**

ਦੇਸ ੧੫੦—੦੦
ਪਰਦੇਸ ੩੫੦—੦੦
ਹਵਾਈ ਡਾਕ
ਯੂ. ਕੇ. ਅਫਰੀਕਾ ੭੫੦—੦੦
ਕੈਨੇਡਾ, ਅਮਰੀਕਾ ੯੦੦-੦੦
ਅਰਬ ਮਲਾਇਆ ੫੫੦—੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੮ ਜੂਨ ੧੯੮੪ ਅੰਕ ੬


# ਸੱਚੇ ਮੁਹੱਕਕ ਸੰਤ ਭਗਤ

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥ (੧੩੭੩)
ਹਰਿ ਜਨੁ ਰਾਮ ਨਾਮ ਗੁਨ ਗਾਵੈ ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨ ਨ ਗਵਾਵੈ ॥ (੭੧੯-੨੦)

ਗੁਰਵਾਕਾਂ ਦੇ ਭਾਵ ਅਨੁਸਾਰ ਸੱਚੀ ਸੰਤਤਾਈ, ਨਿਰੋਲ ਪਾਖੰਡ ਰਹਿਤ ਗੁਰਸਿਖਾਂ ਵਾਲੀ ਸੰਤਤਾਈ, ਗੁਰਮੁਖਤਾਈ ਤੇ ਤੱਤਪਰ ਹੋ ਕੇ ਡੱਟੇ ਰਹਿਣ। ਓਹਨਾਂ ਨੂੰ ਭਾਵੇਂ ਕੋਈ ਲੱਖ ਮੇਹਣੇ ਮਾਰੇ ਸੰਤਪੁਣੇ ਦੇ, ਪਰ ਓਹ ਗੁਰਮਤਿ ਦ੍ਰਿੜ੍ਹਾਈ ਭਗਤੀ ਦੇ ਮਾਰਗ ਤੋਂ ਨਿਮਖ ਭੀ ਲਾਂਭੇ ਨ ਹਟਣ। ਬਸ, ਡਟਣ ਹੀ ਡਟਣ। ਗੁਰਮਤਿ ਫ਼ਕੀਰੀ ਵਾਲੀ ਸੰਤਗੀਰੀ ਨੂੰ ਨਾ ਛਡਣ, ਪਰ ਨਾ ਛਡਣ; ਪਰ ਕਿਸੇ ਅਗੇ ਫੋਗ ਆਜਜ਼ੀ ਦਾ ਪੱਲਾ ਭੀ ਨਾ ਅੱਡਣ। ਮਨੋਂ ਆਜਿਜ਼ ਨਿਰਮਾਣ, ਪਰ ਗੁਣੀ-ਗਹੀਰ ਗੁਰਸਿਖ ਭਗਤ ਬਣੇ ਰਹਿਣ।

"ਕੋਈ ਭਲਾ ਕਹਉ ਭਾਵੈ ਬੁਰਾ ਕਹਉ, ਹਮ ਤਨੁ ਦੀਓ ਹੈ ਢਾਰਿ ॥" (੫੨੮) ਗੁਰਵਾਕ ਦੇ ਭਾਵ ਦੇ ਧਾਰਨੀ ਬਣੇ ਰਹਿਣ। ਆਪਣੇ ਭਗਤ-ਵਛਲ ਠਾਕੁਰ ਦੀ ਭਗਤੀ ਵਿਚ ਤਨੋਂ ਮਨੋਂ ਗਲਤਾਨ ਹੋਇ ਰਹਿਣ। .....ਸੁਆਂਗੀ ਭਗਤੀ ਵਾਲੇ ਅਨੇਕ ਸੁਆਂਗ ਕੱਢ ਕੱਢ ਕੇ ਭੀ ਸੁਅੱਛਤਾ ਨੂੰ ਪ੍ਰਾਪਤ ਨਹੀਂ ਹੁੰਦੇ। ਕਹਨ ਕਹਾਵਨ ਵਾਲੀ ਭਗਤੀ ਸਭ ਜੰਜਾਲ ਪਾਖੰਡ ਰੂਪ ਹੈ। ਸਚੁ ਕਰਨੀ ਸਾਰ ਵਾਲੀ ਸੱਚੀ ਭਗਤੀ ਕੇਵਲ ਗੁਰਮੁਖ ਭਗਤਾਂ ਨੂੰ ਹੀ ਬਣਿ ਆਈ ਹੈ।

ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਸੰਤ ਪਦ ਨਿਰਣੇ' ਵਿਚੋਂ

www.AKJ.Org

# 'ਸੰਤ' ਪਦ ਸਿਖ ਪ੍ਰਥਾਇ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਅਪ੍ਰੈਲ ਦੇ 'ਸੂਰਾ' ਵਿਚ ਭਾਈ ਸਾਹਿਬ ਜੀ ਦਾ ਲੇਖ "ਸੰਤ ਪਦ ਗੁਰੂ ਪ੍ਰਥਾਇ" ਦਿਤਾ ਗਿਆ ਸੀ, ਜਿਸ ਵਿਚ ਦਸਿਆ ਗਿਆ ਸੀ ਕਿ ਸਾਰੇ ਸੁਖਮਨੀ ਸਾਹਿਬ ਅੰਦਰ, ਖਾਸ ਕਰ ਸਤਵੀਂ ਤੇ ਤੇਰ੍ਹਵੀਂ ਅਸ਼ਟਪਦੀ ਅੰਦਰ 'ਸੰਤ, ਸਾਧ" ਪਦ ਜੋ ਵਰਤੇ ਗਏ ਹਨ, ਨਿਰੋਲ ਗੁਰੂ ਪ੍ਰਥਾਇ ਹੀ ਵਰਤੇ ਗਏ ਹਨ। ਹੋਰ ਭੀ ਅਨੇਕ ਥਾਈਂ ਜਿਥੇ ਕਿਤੇ 'ਸੰਤ' ਦੀ ਉਚ ਮਹਿਮਾ ਹੈ, ਉਥੇ 'ਸੰਤ' ਪਦ ਗੁਰੂਆਂ ਪ੍ਰਥਾਇ ਹੀ ਵਰਤਿਆ ਮਿਲੇਗਾ। ਇਸ ਗੱਲ ਦੀ ਪ੍ਰੌੜ੍ਹਤਾ ਲਈ ਗੁਰਬਾਣੀ ਵਿਚੋਂ ਬਹੁਤ ਸਾਰੇ ਪ੍ਰਮਾਣ ਉਸ ਲੇਖ ਵਿਚ ਦਿਤੇ ਗਏ ਸਨ। —ਸੰਪਾਦਕ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੱਗਰ ਬਾਣੀ ਵਿਚ ਬਹੁਤੀ ਥਾਈਂ 'ਸੰਤ' ਪਦ ਗੁਰਸਿਖਾਂ ਪ੍ਰਥਾਇ ਭੀ ਵਰਤਿਆ ਗਿਆ ਹੈ। ਸੰਤ ਪਦ ਖੰਡਨ ਦੇ ਪੱਖੀਆਂ ਦੀ ਗਿਆਤ ਲਈ ਅਸੀਂ ਹੇਠਾਂ ਉਹ ਗੁਰ-ਪ੍ਰਮਾਣ ਗੁਰਬਾਣੀ ਵਿਚੋਂ ਉਤਾਰ ਕੇ ਪੇਸ਼ ਕਰਦੇ ਹਾਂ ਜਿਨ੍ਹਾਂ ਤੋਂ ਇਹ ਸਿਧ ਹੁੰਦਾ ਹੈ ਕਿ 'ਸੰਤ' ਪਦ ਗੁਰਬਾਣੀ ਵਿਚ ਸਿਖ ਪ੍ਰਥਾਇ ਭੀ ਵਰਤਿਆ ਗਿਆ ਹੈ :—

(੧) **ਸੰਤ ਸਾਜਨ ਸਿਖ** ਭਏ ਸੁਹੇਲੇ ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥
ਜਨਮ ਮਰਨ ਦੁਖ ਫਾਹਾ ਕਾਟਿਆ ॥ ਕਹੁ ਨਾਨਕ ਗੁਰਿ ਪਰਦਾ ਢਾਕਿਆ ॥੪॥੮॥
[ਪ੍ਰਭਾਤੀ ਮਹਲਾ ੫, ਪੰਨਾ ੧੩੪੦

ਇਸ ਗੁਰਵਾਕ ਦੇ ਭਾਵ ਤੋਂ ਸਾਫ਼ ਸਪਸ਼ਟ ਹੈ ਕਿ ਸੰਤ ਪਦ ਏਥੇ ਗੁਰਸਿਖਾਂ ਪ੍ਰਥਾਇ ਹੀ ਉਚਾਰਨ ਹੋਇਆ ਹੈ, ਗੁਰੂ ਪ੍ਰਥਾਇ ਨਹੀਂ, ਕਿਉਂਕਿ ਗੁਰੂ ਪਦ ਤਾਂ ਅਲੱਗ ਪਿਆ ਹੈ। ਦੂਸਰੀ ਤੁਕ ਅੰਦਰ 'ਗੁਰਿ' ਸਿਹਾਰੀ ਨਾਲ ਹੈ। ਪਹਿਲੀ ਤੁਕ ਅੰਦਰ ਸਿਖਾਂ ਨੂੰ ਸੰਤ ਸਜਨ ਦਸਿਆ ਹੈ ਅਤੇ ਗੁਰਸਿਖਾਂ ਸੰਤ ਸਜਨਾਂ ਨੂੰ ਵਧਾਈਆਂ ਦਿਤੀਆਂ ਹਨ ਕਿ ਉਹ ਸੰਤ ਸਰੂਪ ਸਿਖ ਸਜਨ ਸੁਹੇਲੇ ਭਏ ਹੈਂ, ਕਿਉਂਕਿ ਗੁਰੂ ਪੂਰੇ ਨੇ ਓਹਨਾਂ ਨੂੰ ਲੈ ਕੇ (ਪੱਨੇ ਪਾਇ ਕੇ) ਪ੍ਰਭੂ ਸੰਗਿ ਮੇਲ ਦਿਤਾ ਹੈ (ਜੈਸਾ ਕਿ ਦੂਜੀ ਤੁਕ ਦਾ ਭਾਵ ਹੈ)। ਪ੍ਰਭੂ ਸੰਗਿ ਮਿਲੇ ਹੋਏ ਕਰਿ ਭੀ ਸਿਖ ਸੰਤ ਸਿਖ ਹੀ ਹਨ, ਗੁਰੂ ਨਹੀਂ ਬਣੇ। ਪ੍ਰਭੂ ਸੰਗਿ ਮਿਲਾਪ ਹੋਣ ਦੀ ਪਦਵੀ ਪ੍ਰਾਪਤ ਕਰਨ ਤੇ ਭੀ 'ਗੁਰੂ' ਪਦਵੀ ਗੁਰਸਿਖਾਂ ਨੂੰ ਨਹੀਂ ਮਿਲ ਸਕਦੀ। ਹਾਂ, ਸੰਤ ਪਦਵੀ ਇਨ੍ਹਾਂ ਨੂੰ ਮਿਲ ਗਈ ਹੈ, ਜਿਸ ਦੇ ਉਹ ਹੱਕਦਾਰ ਹਨ।

ਧੰਨ ਸੰਤ ਗੁਰਸਿਖਾਂ ਦੀ ਵਡਿਆਈ। ਗੁਰਪ੍ਰਸਾਦਿ ਕਰਿ ਉਹਨਾਂ ਦਾ ਜਨਮ ਮਰਨ ਦਾ ਫਾਹਾ ਕਟਿਆ ਗਿਆ ਅਤੇ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਦੇ ਲੜਿ ਲਗੇ ਹੋਣ ਕਰਿ ਜਨਮ ਮਰਨ ਤੋਂ ਰਹਿਤ ਹੁੰਦੇ ਹੋਏ ਉਹਨਾਂ ਦਾ ਪੜਦਾ ਢਕਿਆ ਗਿਆ ਹੈ। ਗੁਪਤੋ ਗੁਪਤੀ ਹੀ ਗ੍ਰਿਹਸਤ ਤੇਜਸੀ ਰੰਗ ਵਿਚ ਹੁੰਦੇ ਹੋਏ ਅਲੇਪ ਹੀ ਜੀਵਨ-ਮੁਕਤਿ ਪਦਵੀ ਨੂੰ ਪ੍ਰਾਪਤ ਹੋ ਗਏ ਅਰ ਜ਼ਾਹਰ ਕਿਸੇ ਨੂੰ ਨਹੀਂ ਹੋਇਆ, ਨਾ ਹੀ ਓਹਨਾਂ ਨੇ ਆਪਣਾ ਆਪ ਕਿਸੇ ਨੂੰ ਜ਼ਾਹਰ ਹੋਣ ਦਿਤਾ। ਐਸਾ ਅਜੱਰ ਨੂੰ ਜਰਿਆ ਕਿ ਅਲੱਖ ਨੂੰ ਲਖ ਕੇ ਭੀ, ਪ੍ਰਭੂ ਸੰਗਿ ਇਕ-ਮਿਕ ਹੋ ਕੇ ਭੀ, ਓਹਨਾਂ ਨੇ ਆਪਣੇ ਆਪ ਨੂੰ ਨਹੀ ਜਣਾਇਆ। ਕੈਸੀ ਨਿਰਮਾਣਤਾ ਹੈ।

ਹੋਛੇ ਗੁਰੂ-ਡੰਮੀ ਸੰਤਾਂ ਨਾਲੋਂ ਤਾਂ ਸਿਖ ਹੀ ਹਜ਼ਾਰ ਦਰਜੇ ਅੱਛੇ ਹਨ, ਜਿਨ੍ਹਾਂ ਸਚ ਮੁਚ ਦੀ ਜੀਵਨ-ਪਦਵੀ ਪਾ ਕੇ ਫੜਾਂ ਨਹੀਂ ਮਾਰੀਆਂ ਕਿ ਅਸੀਂ ਪ੍ਰਭੂ ਨੂੰ ਪਾ ਲਿਆ ਹੈ, ਅਤੇ ਸਤਿਪੁਰਖ ਨੂੰ ਜਾਣ ਲਿਆ ਹੈ। ਐਸੇ ਗੁਰਸਿਖ ਗੁਰਮੁਖ ਸੰਤ ਜਨਾਂ ਦੇ ਪੂਰਾਂ ਦੇ ਪੂਰ ਹੀ ਗੁਰੂ ਘਰ ਵਿਖੇ ਜਲ ਕੰਵਲ ਵਤ ਅਲੇਪ ਵਿਚਰ ਰਹੇ ਹਨ। ਸੋਹਣਾ ਪਰਦਾ ਸਤਿਗੁਰੂ ਨੇ ਓਹਨਾਂ ਦਾ ਕਜਿਆ ਹੈ ਕਿ ਪਾਖੰਡ ਜਣਾਉਣ ਦੀ ਬਾਣ ਕੁਬਾਣ ਤੋਂ ਬਚੇ ਰਹੇ ਹਨ।

(੨) ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
**ਸੰਤ** ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥


www.AKJ.Org

ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰੀ ਹੋਈ ਮਨ ਇਛੇ ਫਲ ਪਾਏ ॥
**ਸੰਤ ਸਜਨ** ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੇ ਨਾਨਕ ਸਦ ਬਲਿ ਜਾਸੀ ॥੨॥੬॥੯॥

[ਸੂਹੀ ਮਹਲਾ ੫ ਛੰਤ, ਪੰਨਾ ੭੮੩

ਇਸ ਗੁਰਵਾਕ ਦੀ ਦੂਜੀ ਅਤੇ ਪੰਜਵੀਂ ਪੰਗਤੀ ਵਿਚ 'ਸੰਤ ਭਗਤ' ਅਤੇ 'ਸੰਤ ਸਜਨ' ਦੇ ਪਦ ਗੁਰਸਿਖਾਂ ਪ੍ਰਥਾਇ ਹੀ ਵਰਤੇ ਗਏ ਹਨ। ਹਰਿ ਨਾਮ ਅਰਾਧਣਹਾਰੇ ਗੁਰਸਿਖਾਂ ਸੰਤ ਭਗਤਾਂ ਦੀ ਜਮ ਕੀ ਫਾਸੀ ਪ੍ਰਭਿ ਅਬਿਨਾਸੀ ਨੇ, ਹਰਿ ਹਰਿ ਨਾਮ ਧਿਆਵਣ-ਮਈ ਅਤੁਟ ਅਭਿਆਸ ਕਮਾਈ ਦੇ ਤੁਫ਼ੈਲ ਹੀ ਕਟ ਦਿਤੀ ਹੈ। ਐਸੀ ਨਾਮ ਦੀ ਪਾਰਸ ਮਹਿਮਾ ਹੈ ਕਿ ਜਿਨ੍ਹਾਂ ਗੁਰਸਿਖਾਂ ਦੇ ਘਟਾਂ ਵਿਚ ਨਾਮ ਦਾ ਨਿਵਾਸ ਹੋਇਆ ਹੈ, ਗੁਰਸਿਖਾਂ ਸੰਤਾਂ ਭਗਤਾਂ ਦੇ ਓਹ ਘਟ ਹਰੀ ਮੰਦਰ ਸਮਾਨ ਹੋ ਗਏ ਹਨ ਅਤੇ ਜਿਨ੍ਹਾਂ ਹਟਾਂ ਘਰਾਂ ਵਿਚ ਘਟ–ਨਾਮ-ਨਿਵਾਸੀ ਸਿਖ ਵਸਦੇ ਹਨ ਓਹ ਭੀ ਪਵਿਤਰ ਪਾਵਨ ਮੰਦਰ ਰੂਪ ਹੋ ਗਏ ਹਨ, ਉਨ੍ਹਾਂ ਸੰਤ ਭਗਤ ਗੁਰਸਿਖਾਂ ਦੀ ਸਗਲ ਸਮੱਗਰੀ ਪੂਰਨ ਹੋ ਗਈ ਹੈ। ਅਤੇ ਉਹਨਾਂ ਨੇ ਮਨ-ਇਛੇ ਫਲ ਪਾਏ ਹਨ। ਸਗਲ ਮਨੋਰਥ ਉਹਨਾਂ ਦੇ ਪੂਰਨ ਹੋ ਗਏ ਹਨ। ਨਾਮ-ਨਿਵਾਸੀ, ਨਾਮ-ਅਭਿਆਸੀ ਸੰਤ ਸਜਨ ਪ੍ਰਸਪਰ ਮਿਲ ਕੇ ਸੁਖ-ਰਲੀਆਂ ਮਾਣਦੇ ਹਨ। ਦੁਖ-ਦਰਦ ਓਹਨਾਂ ਦੇ ਸਗਲ ਬਿਨਾਸ ਹੋ ਗਏ ਹਨ। ਜਿਹੜੇ ਸੰਤ ਸਜਨ ਸਿਖ ਭਗਤ ਜਨ ਸਤਿਗੁਰੂ ਦੁਆਰਿਓਂ ਸਬਦ-ਗੁਰਮੰਤ੍ਰ ਦਖਿਆ ਮਿਲਣ ਕਰਿ ਸਵਾਰੇ ਗਏ, ਸਫਲ-ਜਨਮੇ ਹੋ ਗਏ, ਗੁਰੂ ਨਾਨਕ ਸਾਹਿਬ ਉਹਨਾਂ ਵਿਟਹੁ ਵਾਰਨੇ ਬਲਿਹਾਰਨੇ ਜ ਦੇ ਹਨ। ਇਸ ਵਾਕ ਅੰਦਰ ਇਹ ਗੁੰਜਾਇਸ਼ ਹੀ ਬਾਕੀ ਨਹੀਂ ਕਿ 'ਸੰਤ' ਪਦ ਦੇ ਗੁਰਸਿਖ ਪ੍ਰਤੀ ਘਟਣ ਦੀ ਭ੍ਰਾਂਤੀ ਰਹਿ ਗਈ ਹੋਵੇ।

(੩) **ਸੰਤ ਸਜਨ ਸੁਨਹੁ ਸਭਿ ਮੀਤਾ** ਝੂਠਾ ਏਹੁ ਪਸਾਰਾ ॥
ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥
ਗੁਰ ਮਿਲਿ ਨਾਨਕ ਨਾਮੁ ਧਿਆਇਆ ਸਚਿ ਨਾਮਿ ਨਿਸਤਾਰਾ ॥੪॥੧॥੩॥

[ਆਸਾ ਮਹਲਾ ੫, ਪੰਨਾ ੬੮੦

ਇਹ ਗੁਰਵਾਕ ਸਮੂਹ ਸਿਖਾਂ ਦੇ ਸਮੁਦਾਇ ਦੇ ਸਨਮੁਖ ਉਚਾਰਨ ਕੀਤਾ ਹੈ ਅਤੇ ਗੁਰ-ਸਿਖਾਂ ਨੂੰ ਸੰਤ ਮੀਤ ਸਜਨ ਕਹਿ ਕੇ ਸੰਬੋਧਨ ਕ ਤਾ ਹੈ ਅਤੇ ਉਹਨਾਂ ਨੂੰ ਵੈਰਾਗ-ਮਈ ਇਹ ਉਪਦੇਸ਼ ਦ੍ਰਿੜ੍ਹਾਇਆ ਹੈ ਕਿ ਦ੍ਰਿਸ਼ਟਮਾਨ ਪਸਾਰਾ ਸਭ ਝੂਠਾ ਹੈ। ਇਸ ਤੋਂ ਸਦਾ ਉਪਰਾਮਤਾ ਹੀ ਗੁਰਸਿਖਾਂ ਨੂੰ ਰਖਣੀ ਚਾਹੀਦੀ ਹੈ। ਇਸ ਝੂਠੇ ਪਸਾਰੇ ਨੂੰ ਦੇਖ ਕੇ ਲੁਭਾਇਮਾਨ ਨਹੀਂ ਹੋ ਜਾਣਾ। ਜਿਹੜੇ ਲੁਭਾਇਮਾਨ ਹੋ ਗਏ, ਉਹ ਮੋਹ ਮਮਤਾ ਦੇ ਜੀਵ ਮੇਰੀ ਮੇਰੀ ਕਰ ਕੇ ਇਸੇ ਮੋਹ ਮਮਤਾ ਦੀ ਘੁੰਮਣਘੇਰੀ ਵਿਚ ਡੁਬ ਗਏ ਹਨ, ਅਤੇ ਮਾਇਆ ਦੇ ਧੰਧਿਆਂ ਵਿਚ ਖਪ ਖਪ ਕੇ ਉਹ ਗਵਾਰ ਲੋਗ ਮਰ ਗਏ ਹਨ। ਪਰ ਜਿਨ੍ਹਾਂ ਨੇ ਸਤਿਗੁਰੂ ਦੇ ਸਿਖ ਬਣ ਕੇ ਗੁਰਮਤਿ ਨਾਮ ਨੂੰ ਧਿਆਇਆ ਹੈ, ਓਹਨਾਂ ਦਾ ਸਚੇ ਨਾਮ ਦੁਆਰਾ ਨਿਸਤਾਰਾ ਹੋ ਗਿਆ ਹੈ। ਕੋਈ ਸੰਦੇਹ ਬਾਕੀ ਨਹੀਂ ਰਿਹਾ ਕਿ ਇਥੇ ਭੀ ਸੰਤ ਪਦ ਗੁਰਸਿਖਾਂ ਪ੍ਰਤੀ ਹੀ ਉਚਾਰਨ ਹੋਇਆ ਹੈ।

(੪) ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
**ਸੰਤ ਸਾਜਨ ਭਏ ਸਰਸੇ** ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥

[ਰਾਮਕਲੀ ਮ: ੩ ਅਨੰਦੁ, ਪੰਨਾ ੯੨੨


www.AKJ.Org

ਇਸ ਗੁਰਵਾਕ ਦੀ ਪੰਗਤੀ 'ਸੰਤ ਸਾਜਨ ਭਏ ਸਰਸੇ' ਵਾਲੀ ਸਿਖਾਂ ਪ੍ਰਥਾਇ ਹੈ। ਭਾਵ, ਸਚੀ ਬਾਣੀ ਨੂੰ ਸੁਣ ਕੇ ਸੰਤ ਸਾਜਨ ਸਭ ਸਰਸੇ ਭਏ ਹੈਂ। ਤਿਨ੍ਹਾਂ ਦੇ ਦੂਖ ਰੋਗ ਸੰਤਾਪ ਸਭ ਉਤਰ ਗਏ ਹੈਂ। ਗੁਰਬਾਣੀ ਨੂੰ ਸੁਣਨਹਾਰੇ ਸੰਤ ਸਾਜਨ, ਗੁਰਸਿਖ ਹੀ ਹੋਏ ਨਾ, ਜੋ ਸਰਸੇ ਭਏ ਹੈਂ। ਇਹ ਸਰਸੇ ਹੋਣ ਦੀ ਬਿਧਿ ਜੁਗਤੀ ਜੋ ਪੂਰੇ ਗੁਰ ਤੇ ਜਾਣੀ ਹੈ, ਸੋ ਗੁਰਸਿਖ ਸੰਤ ਸਜਨ ਨੇ ਹੀ ਜਾਣੀ ਹੈ, ਕਿਉਂ ਜੁ ਗੁਰੂ ਦੁਆਰਿਓਂ ਓਹਨਾਂ ਨੇ ਦੀਖਿਆ ਲੈ ਕੇ ਗੁਰ-ਮੰਤ੍ਰ-ਅਭਿਆਸ ਕਮਾਈਆਂ ਕੀਤੀਆਂ ਅਤੇ ਗੁਰਬਾਣੀ ਸੁਣਿ ਸੁਣਿ ਪਾਰਸ ਰੰਗ ਨਾਮ-ਅਭਿਆਸੀ ਸਿਖਾਂ ਨੂੰ ਹੋਰ ਦੂਣੇ ਚਉਣੇ ਲਗੇ ਹਨ।

(੫) ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ ਸੰਗੁ ਜੀਉ ॥
**ਸੰਤ ਸਜਨ ਮਨ ਮਿਤ੍ਰ ਸੇ** ਲਾਇਨਿ ਪ੍ਰਭ ਸਿਉ ਰੰਗੁ ਜੀਉ ॥
ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥
ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥
**ਆਇ ਮਿਲਹੁ ਸੰਤ ਸਜਣਾ** ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ॥

[ਸੂਹੀ ਮਹਲਾ ੫ ਅਸਟਪਦੀਆ, ਪਨਾ ੭੫੦

ਏਥੇ ਭੀ ਦੂਜੀ ਪੰਗਤੀ ਅੰਦਰ 'ਸੰਤ ਸਜਨ ਮਨ ਮਿਤ੍ਰ ਸੇ' ਅਤੇ ਛੇਕੜਲੀ ਪੰਗਤੀ ਅੰਦਰ 'ਆਇ ਮਿਲਹੁ ਸੰਤ ਸਜਨਾ' ਵਾਲੀ ਘਟਨਾ ਗੁਰਸਿਖਾਂ ਪ੍ਰਤੀ ਹੀ ਘਟਦੀ ਹੈ। ਪ੍ਰਸਪਰ ਗੁਰਸਿਖ ਮਿਲ ਕੇ ਨਿਤ ਗੁਣ ਗਾਵਣ ਲਈ ਇਕੱਤਰ ਹੋਣ ਦੀ ਤਾਂਘ ਤਾਂਘਦੇ ਹੋਏ, ਸੰਤ ਸਜਨ ਮਨ ਮਿਤ੍ਰ ਇਕ ਦੂਜੇ ਨੂੰ ਸਨਮਾਨ ਪੂਰਬਕ ਪ੍ਰਤੀਤ ਹੁੰਦੇ ਹਨ। ਸਚ ਮੁਚ ਨਾਮ ਜਪਣਹਾਰੇ ਸਿਖ ਹੀ ਸੰਤ ਜਨ ਹਨ, ਹੋਰ ਕੋਈ ਭੇਖੀ ਭੇਖਧਾਰੀ ਅਨਮਤੀ ਪੁਰਖ ਥੋੜੇ ਸੰਤ ਬਣ ਚਲੇ ਹਨ। ਨਾਮ ਕੇਵਲ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਨਿਗੁਰੇ ਮਨਮੁਖ ਨਾਮਹੀਣ ਸੰਤ ਕਹਾ ਹੀ ਨਹੀਂ ਸਕਦੇ। ਨਾਮ ਜਪਣਹਾਰੇ ਗੁਰੂ ਕੇ ਸਿਖਾਂ ਤੇ ਹੀ 'ਸੰਤ' ਪਦ ਸੋਭਦਾ ਹੈ।

(੬) **ਸੰਤਨ ਸੰਤ ਸਾਧ** ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥
**ਸੰਤੈ ਸੰਤੁ ਮਿਲੈ** ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥੬॥੬॥

[ਨਟ ਨਾਰਾਇਣ ਮਹਲਾ ੪ ਛੰਤ, ਪੰਨਾ ੯੮੩

ਪ੍ਰਸਪਰ ਮਿਲ ਕੇ ਹਰਿ ਗੁਣ ਗਾਵਣ ਲਈ ਗੁਰਸਿਖ ਸੰਤ ਸਾਧ ਇਕੱਤਰ ਹੁੰਦੇ ਹਨ। ਗੁਰਸਿਖ ਹੀ ਸੰਤ ਸਾਧ ਹਨ, ਜੋ ਪ੍ਰਸਪਰ ਕੀਰਤਨ ਗੁਰਬਾਣੀ ਦਾ ਕਰਦੇ ਹਨ, ਆਪ ਨਿਸਤਰਦੇ ਹਨ ਤੇ ਦੂਜਿਆਂ ਸੁਣਨਹਾਰਿਆਂ ਨੂੰ ਨਿਸਤਾਰਦੇ ਹਨ। ਕੇਡਾ ਪਰਉਪਕਾਰ ਹੈ ਮਿਲ ਬੈਠ ਕੇ ਕੀਰਤਨ ਕਰਨਹਾਰੇ ਗੁਰਸਿਖਾਂ ਅਰਥਾਤ ਗੁਰੂ ਘਰ ਦੇ ਸੰਤਾਂ ਸਾਧਾਂ ਦਾ। 'ਇਕੁ ਸਿਖੁ ਦੁਇ ਸਾਧ ਸੰਗੁ* ਦੇ ਮਹਾਂ ਵਾਕੀ ਭਾਵ ਅਨੁਸਾਰ ਦੋ ਸਿਖ ਪ੍ਰਸਪਰ ਮਿਲ ਕੇ ਸਤਿਸੰਗ ਕਰਦੇ ਹੋਏ ਸਾਧ ਰੂਪ ਹੋ ਜਾਂਦੇ ਹਨ। ਇਕ ਗੁਰਸਿਖ ਸੰਤ ਨੂੰ ਦੂਜਾ ਗੁਰਸਿਖ ਸੰਤ ਮਿਲਦਾ ਹੈ ਤਾਂ ਮਿਲਣ ਸਾਰ ਹੀ ਇਕ ਦੂਜੇ ਦਾ ਮਨ ਵਿਗਸ ਕੇ ਖਿੜ ਜਾਂਦਾ ਹੈ, ਜਿਉਂ ਜਲ ਨੂੰ ਮਿਲ ਕੇ ਕੌਲ ਫੁਲ ਖਿੜਦੇ ਹਨ।

(੭) **ਸੰਤ ਜਨਾ** ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ ॥੫॥੫॥

[ਨਟ ਮਹਲਾ ੪, ਪੰਨਾ ੯੮੩

ਸੰਤ ਸਮਾਗਮ ਕੇਵਲ ਗੁਰਸਿਖਾਂ ਦੇ ਸਮੂਹ ਦਾ ਹੀ ਹੋ ਸਕਦਾ ਹੈ, ਜਿਥੇ 'ਸੰਤ' ਪਦ ਜਾਂ 'ਸੰਤ ਜਨ' ਬਹੁ-ਵਚਨ ਵਿਚ ਹੈ, ਓਥੇ ਅਕਸਰ ਸਿਖਾਂ ਦੇ ਸਮੂਹ ਤੋਂ ਹੀ ਭਾਵ ਹੈ। ਏਥੇ 'ਸੰਤ ਜਨਾਂ' ਅਤੇ 'ਹਰਿ ਜਨਾਂ' ਤੋਂ ਭਾਵ ਸਪਸ਼ਟ ਗੁਰਮੁਖ ਗੁਰਸਿਖਾਂ ਤੋਂ ਹੈ। 'ਹਰਿ ਜਨ' ਭੀ ਬਹੁ-ਵਚਨ ਹੈ। 'ਜਨ' ਦੇ ਨੰਨੇ ਨੂੰ ਔਂਕੜ ਜੁ ਨਹੀਂ। ਔਂਕੜ ਹਟ ਕੇ ਮੁਕਤਾ ਹੋ ਜਾਣ ਪਰ ਬਹੁ-ਵਚਨ ਦਾ ਵਾਚਕ ਹੋ ਜਾਂਦਾ ਹੈ। ਇਹ ਪੱਕਾ ਨਿਯਮ ਗੁਰਬਾਣੀ ਅੰਦਰ ਹੈ। ਤਾਂ ਤੇ 'ਸੰਤ ਜਨਾਂ' ਤੇ 'ਹਰਿ ਜਨਾਂ' ਪਦ ਏਥੇ ਗੁਰੂ ਪ੍ਰਥਾਇ ਘਟ ਹੀ ਨਹੀਂ ਸਕਦੇ।

*ਭਾਈ ਗੁਰਦਾਸ ਜੀ, ਵਾਰ ੧[illegible], ਪਉੜੀ ੧੯

www.AKJ.Org

(੯) ਮਨ ਤਨ ਅੰਤਰਿ ਪ੍ਰਭੁ ਆਹੀ ॥
ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥੧॥ਰਹਾਉ॥
ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥
ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ ॥
**ਸੰਤ ਸੇਵਕ** ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਹੈ ਤਾਹੀ ॥੨॥੧੪॥੧੦੦॥

[ਬਿਲਾਵਲੁ ਮਹਲਾ ੫, ਪੰਨਾ ੮੨੪

ਪਿਛਲੀ ਤੁਕ ਵਿਚ 'ਸੰਤ ਸੇਵਕ ਭਗਤ' ਪਦ ਸਮੁਚੇ ਗੁਰਸਿਖਾਂ ਪ੍ਰਥਾਇ ਹੀ ਵਰਤੇ ਗਏ ਹਨ। ਏਥੇ ਭੀ ਤਿੰਨੇ ਪਦ ਬਹੁ-ਵਚਨ ਹੀ ਹਨ। ਸੰਤ ਭੀ ਬਹੁ-ਵਚਨ, ਸੇਵਕ ਤੇ ਭਗਤ ਭੀ ਬਹੁ-ਵਚਨ, ਕਿਉਂਕਿ ਤੇਹਾਂ ਦੇ ਪਿਛਲੇ ਤਿੰਨੇ ਅੱਖਰ ਮੁਕਤੇ ਹਨ। ਤਾਂ ਤੇ 'ਸੰਤ' ਪਦ ਏਥੇ ਬਹੁ-ਵਚਨ ਵਿਚ ਗੁਰਸਿਖਾਂ ਪ੍ਰਤੀ ਘਟਦਾ ਹੈ, ਗੁਰੂ ਪ੍ਰਥਾਇ ਨਹੀਂ ਘਟ ਸਕਦਾ। ਜੇ ਘਟੇ ਤਾਂ ਬਹੁਤੇ ਗੁਰੂ ਹੋ ਜਾਣਗੇ।

(੧੧) ਕਰਣੀ ਕੀਰਤਿ ਗੁਰਮਤਿ ਸਾਰੁ ॥ **ਸੰਤ ਸਭਾ** ਗੁਣ ਗਿਆਨ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥

[ਪ੍ਰਭਾਤੀ ਮਹਲਾ ੫, ਪੰਨਾ ੧੩੪੩

ਸੰਤ ਸਭਾ ਤੋਂ ਭਾਵ ਏਥੇ ਸਿਖਾਂ ਸੰਤਾਂ ਦੀ ਸਭਾ ਹੈ। ਗੁਰੂ ਕੇ ਸਿਖ ਹੀ ਪ੍ਰਸਪਰ ਮਿਲ ਕੇ ਸਭਾ ਲਾਉਂਦੇ ਹਨ। ਗੁਣਤਾਸ ਗੁਰੂ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੀ ਤਾਬਿਆ ਹਜ਼ੂਰੀ ਵਿਚ ਗੁਣ-ਗਿਆਨ-ਬੀਚਾਰੀ, ਗੁਰਮਤਿ-ਸਾਰ ਗੁਣਾਂ-ਗੁਰਬਾਣੀ ਦਾ ਕੀਰਤਨ ਕਰਨਹਾਰੀ ਗੁਰਸਿਖਾਂ ਦੀ ਸੁਕ੍ਰਿਤ ਕਰਣੀ ਹੀ ਸਰਬੋਤਮ ਸਰੇਸ਼ਟ ਕਰਨੀ ਹੈ। ਕਿਉਂਕਿ ਪ੍ਰਸਪਰ ਮਿਲ ਕੇ ਗੁਰੂ ਦੇ ਸਿਖਾਂ ਦੀ ਰਚਾਈ ਸੰਤ-ਸਭਾ ਹੀ ਕਲਜੁਗ ਵਿਚ ਸਚਾ ਸਤਿਸੰਗ ਹੈ। ਇਸ ਵਿਚ ਕੋਈ ਸੰਤ ਮਹਾਤਮਾ ਪ੍ਰਧਾਨ ਨਹੀਂ ਮੰਨਿਆ ਜਾਂਦਾ। ਸਭੇ ਹੀ ਨਾਮ ਦੇ ਰਸੀਏ ਸਿਖ ਇਕ-ਦੂ-ਇਕ ਚੜ੍ਹਦੇ ਸੰਤ ਹਨ। ਜਿਨ੍ਹਾਂ ਨੇ ਆਪਣਾ ਮਨ ਪ੍ਰਬੋਧਿਆ ਹੈ ਅਤੇ ਮਨ ਮਾਰ ਕੇ ਜੀਵਤਿ ਮਰਿ ਜਾਣਿਆ ਹੈ, ਤਿਨ੍ਹਾਂ ਉਤੇ ਸਤਿਗੁਰੂ ਨਾਨਕ ਸਾਹਿਬ ਤਰੁਠ ਕੇ ਨਦਰੀ ਨਦਰ ਨਿਹਾਲ ਹੁੰਦੇ ਹਨ। ਇਹ ਗੁਰਸਿਖ ਸੰਤਾਂ ਦੀ ਸਚੀ ਪਛਾਣ ਹੈ, ਜੋ ਸਭ ਦੀ ਰੇਣਕਾ ਹੋਇ ਹੁੰਦੇ ਹਨ; ਜਿਨ੍ਹਾਂ ਨੇ ਆਪਣਾ ਆਪ ਜਣਾਇਆ ਨਹੀਂ, ਸਗੋਂ ਆਪਣੇ ਆਪ ਨੂੰ ਨੀਵੇਂ ਤੋਂ ਨੀਵਾਂ ਕਰਾਇਆ ਹੈ। ਮਿਟੀ ਦੇ ਮਟੂੰਨ ਮਹੰਤ ਸੰਤ ਬਣ ਕੇ ਨਹੀਂ ਬੈਠੇ।

(੧੩) ਅੰਮ੍ਰਿਤ ਗੁਣ **ਸੰਤ** ਬੋਲਤੇ ਸੁਣਿ ਮਨਹਿ ਪੀਲਾਵਉ ॥
ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥
ਜਬ ਭਗਤਿ ਕਰਹਿ **ਸੰਤ ਮੰਡਲੀ** ਤਿਨ੍ ਮਿਲਿ ਹਰਿ ਗਾਵਉ ॥
ਕਰਉ ਨਮਸਕਾਰ **ਭਗਤ ਜਨ** ਧੂਰਿ ਮੁਖਿ ਲਾਵਉ ॥੩॥

[ਬਿਲਾਵਲੁ ਮਹਲਾ ੫, ਪੰਨਾ ੮੧੩

ਅੰਮ੍ਰਿਤ-ਬਾਣੀ ਗਾਵਣਹਾਰੇ, ਅੰਮ੍ਰਿਤ-ਗਿਆਨੜੀਏ, ਅੰਮ੍ਰਿਤ ਪੁਲਕਾਰੜੀਏ, ਅਮਿਉ ਰਸਾਇਣੀ ਅੰਮ੍ਰਿਤ-ਧਾਰੀ ਗੁਰਸਿਖਾਂ ਸੰਤਾਂ ਦਾ ਕੀਰਤਨ ਸੁਣ ਕੇ ਅੰਮ੍ਰਿਤ ਗਟਾਕ ਰਸਾਂ ਦਾ ਛਕਣਾ ਹੋ ਜਾਂਦਾ ਹੈ। ਅਜਿਹੇ ਅੰਮ੍ਰਿਤ ਗਟਾਕ ਰਸ ਮਹਿ ਗੁੜ੍ਹ ਕੇ ਹੀ ਸਚੀ ਸ਼ਾਂਤੀ ਅਤੇ ਸਚੀ ਤ੍ਰਿਪਤੀ ਆਉਂਦੀ ਹੈ ਅਤੇ ਬਿਖੇ ਰਸਾਂ ਦੀ ਬੜਵਾਨਲੀ ਜਲਨ ਬੁਝ ਜਾਂਦੀ ਹੈ। ਤਾਂ ਤੇ ਜਿਥੇ ਭੀ ਅਤੇ ਜਦੋਂ ਭੀ ਅਜਿਹੇ ਰਸ-ਰਸੀਅੜੇ ਗੁਰਸਿਖਾਂ ਦੀ ਸੰਤ ਮੰਡਲੀ ਪ੍ਰਸਪਰ ਰਲ ਮਿਲ ਕੇ ਨਿਰਬਾਣ ਕੀਰਤਨ-ਮੇਈ ਸਚੀ ਭਗਤੀ ਕਰਨ, ਤਿਨ੍ਹਾਂ ਨਾਲ ਮਿਲ ਕੇ ਹੀ ਹਰਿ ਗੁਣ ਗਾਵਣਾ ਪਰਵਾਨ ਹੈ ਅਤੇ ਤਿਨ੍ਹਾਂ ਦੇ ਸੰਗ ਬੈਠ ਕੇ ਕੀਰਤਨ ਸੁਣਨਾ ਲਾਭਕਾਰੀ ਹੈ। ਐਸੇ ਗੁਰਸਿਖਾਂ ਗੁਰ-ਭਗਤ ਜਨਾਂ ਦੇ ਸਮੂਹ ਸਤਿਸੰਗ ਮੰਡਲ ਦੀ ਧੂੜੀ ਮੁਖ ਮਸਤਕ ਤੇ ਲਾਉਣੀ ਐਨ ਗੁਰਮਤਿ ਅਨੁਕੂਲ ਹੈ, ਨਾ ਕਿ ਭੇਖੀ ਸੰਤਾਂ ਸਾਧਾਂ ਦੀ,



www.AKJ.Org

ਜਾਂ ਗੁਰੂ-ਡੰਮੀਆਂ ਆਪੇ ਬਣ ਬੈਠੇ ਸੰਤਾਂ ਮਹੰਤਾਂ ਦੀ ਚਰਨ ਧੂੜੀ। ਅੰਮ੍ਰਿਤ ਬਾਣੀ, ਗੁਰਬਾਣੀ-ਮੇਈ ਅੰਮ੍ਰਿਤ ਗੁਣਾਂ ਦੇ ਬੋਲਣਹਾਰੇ ਸਿਖ ਇਸ ਗੁਰਵਾਕ ਅਨੁਸਾਰ ਸੰਤ ਹਨ ਅਤੇ ਸਹੀ ਮਾਅਨਿਆਂ ਵਿਚ ਸੰਤ ਹਨ। 'ਸੰਤ' ਪਦ ਦੇ ਗੁਰਮਤਿ ਮਾਅਨਿਆਂ ਤੋਂ ਘੁਥਿਆਂ ਹੋਇਆਂ, ਸੰਤ ਪਦ ਦੇ ਕਟੜ ਵਿਰੋਧੀਆਂ ਨੂੰ ਨਾ ਕੋਈ ਸਿਖ ਹੀ ਸੰਤ ਭਾਸਦਾ ਹੈ ਅਤੇ ਨਾ ਸਿਖਾਂ ਦੀ ਭਗਤਿ-ਮੰਡਲੀ ਹੀ ਸੰਤ-ਮੰਡਲੀ ਭਾਸਦੀ ਹੈ।

(੪੫) **ਸੰਤਹੁ** ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥੫॥੬॥
[ਕਲਿਆਨ ਮਹਲਾ ੪, ਪੰਨਾ ੧੩੨੬

ਹੇ ਸੰਤਹੁ ! ਬਾਂਹ ਉਲਾਰ ਕੇ, ਉਚੀ ਬਾਂਹ ਕਢ ਕੇ ਪੁਕਾਰਨਹਾਰਾ (ਕੂਕਣੇਹਾਰਾ) ਗੁਰੂ ਹੈ। ਅਤੇ ਸਿਖਾਂ ਪ੍ਰਤੀ ਹੀ ਸਤਿਗੁਰੂ ਇਹ ਪੁਕਾਰ ਕਰ ਕੇ ਸੁਣਾਉਂਦਾ ਹੈ। ਅਤੇ ਸਿਖਾਂ ਨੂੰ ਇਸ ਪੁਕਾਰ ਦੁਆਰਾ ਸੰਤ ਕਹਿ ਕੇ ਅਲਾਉਂਦਾ ਹੈ। ਸਤਿਗੁਰੂ ਦੀ ਸਰਨ ਸੁਖ-ਦਾਤੀ ਹੈ। ਸਦ ਸਦਾ ਸੁਖ-ਦਾਤੀ, ਨਿਤ ਨਿਤ ਸੁਖ-ਦਾਤੀ, ਅਭੰਗ ਸੁਖ-ਦਾਤੀ ਹੈ। ਸਤਿਗੁਰੂ ਦੀ ਸਰਨੀ ਪਰਨਹਾਰੇ, ਗੁਰ ਸਰਨੀ ਪੈ ਕੇ ਢਹਿਣ ਵਾਲੇ, ਸਦਾ ਢਹੇ ਰਹਿਣ ਵਾਲੇ ਕਉਣ ਹਨ ? ਗੁਰੂ ਦੀ ਸਰਨੀ ਪਰਨਹਾਰੇ ਸੰਤ ਹਨ। ਸਤਿਗੁਰੂ ਦੇ ਸਿਖ, ਜਿਨ੍ਹਾਂ ਨੂੰ ਸਤਿਗੁਰੂ ਨੇ ਸੰਤ ਕਹਿ ਕੇ ਪੁਕਾਰਿਆ ਹੈ।

(੬੭) ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥
**ਸੰਤਹੁ** ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥੧੯॥ [ਸਲੋਕ ਕਬੀਰ ਜੀਉ, ਪੰਨਾ ੧੩੬੫

ਛਾਛ-ਪੀਣੇ ਸੰਸਾਰੀਆਂ ਤੋਂ ਨਿਆਰੇ ਮਖਣ ਖਾਣਹਾਰੇ ਨਾਮ-ਅਧਾਰੀ, ਨਾਮ-ਅਹਾਰੀ, ਨਾਮ ਦੇ ਵਪਾਰੀ ਗੁਰਮੁਖ ਸਿਖ ਸੰਤ ਭਗਤ ਹਨ, ਹੋਰ ਭੇਖੀ ਸੰਤ ਸਾਧ ਨਹੀਂ। ਸਾਫ਼ ਸਪਸ਼ਟ ਹੈ ਕਿ ਸੰਤ ਪਦ ਏਥੇ ਭੀ ਸਿਖਾਂ ਪ੍ਰਥਾਇ ਵਰਤਿਆ ਗਿਆ ਹੈ।

(੬੯) ਹਮ **ਸੰਤਨ** ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥
ਹਮ ਸੰਤਨ ਸਿਉ ਬਣਿ ਆਈ ॥
ਪੂਰਬਿ ਲਿਖਿਆ ਪਾਈ ॥ ਇਹੁ ਮਨੁ ਤੇਰਾ ਭਾਈ ॥੧॥ਰਹਾਉ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੇ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥
[ਸੋਰਠਿ ਮਹਲਾ ੫, ਪੰਨਾ ੬੧੪

ਸਮੁਚੇ ਗੁਰਵਾਕ ਅੰਦਰ ਤੁਕ ਤੁਕ ਵਿਖੇ 'ਸੰਤਨ' ਪਦ ਜੋ ਵਰਤਿਆ ਗਿਆ ਹੈ, ਇਹ ਗੁਰਸਿਖਾਂ ਦੇ ਸਮੁਦਾਇ ਪ੍ਰਥਾਇ ਹੀ ਹੈ। 'ਸੰਤ' ਇਕ-ਵਚਨ ਗੁਰੂ ਪ੍ਰਥਾਇ ਹੈ, ਪਰ ਸੰਤ ਦਾ ਬਹੁ-ਵਚਨ 'ਸੰਤਨ' ਪਦ ਸਿਖਾਂ ਦੇ ਸਮੁਦਾਇ ਪ੍ਰਥਾਇ ਹੀ ਘਟਦਾ ਫਬਦਾ ਹੈ।

**ਨੋਟ :—ਪੁਸਤਕ "ਸੰਤ ਪਦ ਨਿਰਣੇ' ਵਿਚੋਂ 'ਸੰਤ' ਪਦ ਗੁਰਬਾਣੀ ਵਿਚ ਗੁਰਸਿਖਾਂ ਪ੍ਰਥਾਇ ਵਰਤੇ ਜਾਣ ਦੇ ੧੨ ਕੁ ਪ੍ਰਮਾਣ ਅਸਾਂ ਇਥੇ ਦਿਤੇ ਹਨ। ਵਧੇਰੇ ਵਿਸਥਾਰ ਸਹਿਤ ਢਾਈ ਕੁ ਸੌ ਪ੍ਰਮਾਣ ਵਿਆਖਿਆ ਸਹਿਤ ਪੁਸਤਕ ਵਿਚੋਂ ਪੜ੍ਹੋ।**
**—ਸੰਪਾਦਕ**


www.AKJ.Org

# ਸਤਿਗੁਰੂ

## ਬੇਦ-ਕਤੇਬੀ ਮੱਤ ਅਤੇ ਗੁਰਮਤਿ ਵਿਲੱਖਣਤਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ]

"ਸਿਖ ਇਕ ਵਖਰੀ ਕੌਮ" ਸੂਰਾ ਵਿਸ਼ੇਸ਼ ਅੰਕ ਦਸੰਬਰ ਵਿਚ, "ਭਾਰਤੀ ਧਰਮ-ਚੇਤਨਾ ਤੇ ਗੁਰਮਤਿ ਫ਼ਲਸਫ਼ਾ" ਨਾਮੀ ਲੇਖ ਛਪਿਆ ਸੀ। ਉਸ ਲੇਖ ਨਾਲ ਸੰਬੰਧਤ ਚੌਥੀ ਕਿਸ਼ਤ ਮਈ ੧੯੮੪ ਵਿਚ ਛਪੀ ਸੀ। ਹੁਣ ਪੰਜਵੀਂ ਕਿਸ਼ਤ ਹਾਜ਼ਰ ਹੈ।

—ਸੰਪਾਦਕ

ਗੁਰਮਤਿ ਸਿਧਾਂਤ ਅਨੁਸਾਰ ਸ੍ਰੀ ਅਕਾਲ ਪੁਰਖ ਜੀ ਨਾਲ ਮੇਲ ਕੇਵਲ ਗੁਰੂ ਦੁਆਰਾ ਹੀ ਹੋ ਸਕਦਾ ਹੈ। ਅਤੇ ਗੁਰੂ ਸੰਸਾਰ ਵਿਚ ਕੇਵਲ ਇਕ ਹੀ ਹੋਏ ਹਨ—ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦੇ ਸਮਾਂ ਪਾ ਕੇ, ਦਸ ਹੋਰ ਰੂਪ ਹੋਏ। ਵਰਤਮਾਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜੋਤਿ ਓਹੀ ਹੈ, ਜੁਗਤਿ ਭੀ ਓਹੀ ਹੈ, ਕੇਵਲ ਕਾਇਆਂ ਦੀ ਹੀ ਤਬਦੀਲੀ ਹੈ। ਅਰੰਭ ਤੋਂ ਹੀ 'ਸ਼ਬਦ' ਗੁਰ-ਮੰਤਰ ਦੇਣ ਦੀ ਜੁਗਤਿ ਚਲੀ ਆ ਰਹੀ ਹੈ। ਫੁਰਮਾਨ ਹੈ—

ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ [੬੬]

ਸਵਾਲ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਜੀ ਤੋਂ ਪਹਿਲਾਂ ਵੀ ਤਾਂ ਅਨੇਕਾਂ ਗੁਰੂ ਹੋ ਗੁਜ਼ਰੇ ਹਨ। ਸ੍ਰੀ ਗੁਰੂ ਜੀ ਨੂੰ, ਕੇਵਲ ਇਕ ਦੀ ਉਪਾਧੀ ਨੂੰ ਕਿਵੇਂ ਸਨਮਾਨਿਆ ਜਾ ਰਿਹਾ ਹੈ? ਸੁਆਮੀ ਵਿਵੇਕਾਨੰਦ ਨੇ ਇਸ ਦਾ ਜੋ ਉਤਰ ਦਿਤਾ, ਸ਼ਾਇਦ ਉਸ ਤੋਂ ਉਤਮ ਅਧਿਆਤਮਕ ਉਤਰ ਅਜੇ ਤਕ ਕਿਸੇ ਨੇ ਨਹੀਂ ਦਿਤਾ। ਉਹ ਕਹਿੰਦੇ ਹਨ ਕਿ ਸ੍ਰੀ ਗੁਰੂ ਜੀ ਤੋਂ ਪਹਿਲਾਂ ਅਨੇਕਾਂ ਆਪ ਗੁਰੂ ਬਣੇ, ਤੇ ਚਲੇ ਗਏ। ਸ੍ਰੀ ਗੁਰੂ ਜੀ ਨੂੰ ਅਕਾਲ ਪੁਰਖ ਜੀ ਨੇ ਗੁਰੂ ਥਾਪਿਆ, ਉਹ ਆਏ। ਉਹਨਾਂ ਨੇ ਕੇਵਲ ਸਤਿਨਾਮ ਦਾ ਉਪਦੇਸ਼ ਕੀਤਾ, ਫਿਰ ਉਹ ਚਲੇ ਨਹੀਂ ਗਏ, ਉਹ ਹੁਣ ਭੀ ਸੰਸਾਰ ਵਿਚ ਮੌਜੂਦ ਹਨ ਤੇ ਰਹਿੰਦੀ ਦੁਨੀਆ ਤਕ ਕਾਇਮ ਰਹਿਣਗੇ।

ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ, ਜਿਨਿ ਵਿਚਹੁ ਮੋਹੁ ਚੁਕਾਇਆ ॥੬॥

[ਆਸਾ ਕੀ ਵਾਰ ਮ: ੧, ਪੰਨਾ ੪੬੬

ਭਾਈ ਗੁਰਦਾਸ ਜੀ ਤੀਜੀ ਵਾਰ ਦੀ ੧੨ਵੀਂ ਪਉੜੀ ਵਿਚ ਇਉਂ ਲਿਖਦੇ ਹਨ :—

ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ ॥੧੨॥(੩)

ਫਿਰ—ਸਾਧ ਸੰਗਤਿ ਸਚਖੰਡ ਵਿਚਿ, ਸਤਿਗੁਰ ਪੁਰਖੁ ਵਸੈ ਨਿਰੰਕਾਰਾ ॥੪॥ (੬)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਗੁਰ ਦੀ ਵਿਆਖਿਆ ਇਉਂ ਕੀਤੀ ਹੈ—

ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥ [ਗਉੜੀ ਸੁਖਮਨੀ ਮ: ੫, ਪੰਨਾ ੨੮੬

ਗੁਰਮਤਿ ਨੇ ਆਮ ਸੰਸਾਰੀ ਗੁਰੂਆਂ ਨੂੰ ਪਰਵਾਨ ਨਹੀਂ ਕੀਤਾ, ਭਾਵੇਂ ਗੁਰੂ ਗੋਰਖ ਆਦਿ ਸ੍ਰੀ ਗੁਰੂ ਜੀ ਦੇ ਸਮਕਾਲੀ ਹੀ ਸਨ। ਪਰ ਸਤਿਗੁਰੂ ਨੂੰ ਸ੍ਰੀ ਅਕਾਲ ਪੁਰਖ ਜੀ ਵਲੋਂ ਆਪ ਹੀ ਗੁਰਤਾ ਦੀ ਜੋਤਿ ਅਤੇ ਸੇਵਾ ਮਿਲੀ ਸੀ, ਜਿਸ ਦੇ ਚਾਨਣ ਨਾਲ ਉਹਨਾਂ ਅੰਧੇਰੇ ਜਗਤ ਵਿਚ ਚਾਨਣਾ ਰੁਸ਼ਨਾਇਆ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :—

ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ, ਹੋਰਤੁ ਦਰੁ ਖੁਲੈ ਨਾਹੀ, ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥੨੪॥੨੫॥

[ਮਾਝ ਮ: ੩, ਪੰਨਾ ੧੨੪



www.AKJ.Org

ਹਿੰਦੂ ਧਰਮ ਵਿਚ ਵੇਦਾਂ ਸ਼ਾਸਤ੍ਰਾਂ ਤੋਂ ਕਾਫ਼ੀ ਚਿਰ ਪਿਛੋਂ ਇਕ ਨਵੀਂ ਗੱਲ ਆਖੀ ਗਈ, ਜਿਸਦਾ ਸ੍ਰੀ ਮਦ ਭਾਗਵਤ ਗੀਤਾ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਜਦ ਜਦ ਸੰਜਾਰ ਵਿਚ ਧਰਮ ਦੀ ਗਿਲਾਨੀ ਹੁੰਦੀ ਹੈ, ਵਿਸ਼ਨੂੰ ਭਗਵਾਨ ਅਵਤਾਰ ਲੈਂਦੇ ਹਨ ਅਤੇ ਧਰਮ ਦਾ ਕਲਿਆਨ ਕਰਦੇ ਹਨ। ਪਰ ਇਹਨਾਂ ਵੇਦਾਂ ਵਿਚੋਂ ਰਿਗ ਵੇਦ ਵਿਚ ਹੀ ਵਿਸ਼ਨੂੰ ਬੜਾ ਛੋਟਾ ਜਿਹਾ ਦੇਵਤਾ ਸੀ। ਉਦੋਂ ਇੰਦਰ ਨੂੰ ਸਭ ਤੋਂ ਵੱਡਾ ਦੇਵਤਾ ਮੰਨਿਆ ਗਿਆ ਸੀ। ਖ਼ੈਰ ਸ੍ਰੀ ਕ੍ਰਿਸ਼ਨ ਜੀ ਨੂੰ ਪਰਮਾਤਮਾ ਦਾ ਅਵਤਾਰ ਮੰਨਣਾ ਜਾਂ ਉਸਦੀ ਪੂਜਾ ਕਰਨੀ ਗੁਰਮਤਿ ਅਨੁਕੂਲ ਨਹੀਂ ਹੈ। ਗੁਰਮਤਿ ਦਾ ਸਿਧਾਂਤ ਹੈ ਕਿ ਅਕਾਲ ਪੁਰਖ ਕਦੇ ਜਨਮ ਮਰਨ ਵਿਚ ਨਹੀਂ ਆਉਂਦਾ। ਸਤਿਗੁਰੂ ਵਿਚ ਉਹ ਆਪਣੀ ਜੋਤਿ ਦਾ ਪ੍ਰਕਾਸ਼ ਕਰਦਾ ਹੈ, ਤਾਂ ਕਿ ਅਗਿਆਨਤਾ ਦਾ ਅੰਧੇਰਾ ਦੂਰ ਹੋ ਸਕੇ। ਸਤਿਗੁਰੂ ਦੀ ਆਪਣੀ ਵਖਰੀ ਹਸਤੀ ਕੋਈ ਨਹੀਂ ਹੁੰਦੀ। ਉਸ ਨੂੰ ਸੰਸਾਰਕ ਤਰਕ-ਬੱਧ ਰਾਹੀਂ ਸਮਝਣਾ ਜਾਂ ਉਸਦੀ ਹਸਤੀ ਬਾਰੇ ਕੋਈ ਨਿਰਣਾ ਕਰਨਾ ਕਠਨ ਹੈ। ਸਤਿਗੁਰਾਂ ਨੇ ਆਪ ਹੀ ਸੰਕੇਤ ਦਿਤਾ ਹੈ :–

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥੧੩॥ [ਸੂਹੀ ਮਹਲਾ ੪, ਪੰਨਾ ੭੫੯

ਇਸ ਲਈ ਸਿਖ ਧਰਮ ਵਿਚ ਗੁਰੂ ਦੇ ਜੋ ਅਰਥ ਲਏ ਜਾਂਦੇ ਹਨ, ਉਹ ਹਿੰਦੂ ਧਰਮ ਦੇ ਪ੍ਰਾਇਵਾਚੀ ਗੁਰੂ ਦੇ ਅਰਥਾਂ ਤੋਂ ਬਿਲਕੁਲ ਅੱਡ ਹਨ। ਗੁਰਮਤਿ ਅੰਦਰ ਗੁਰੂ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਹੁੰਦਾ :–

ਗੁਰ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥ ਰਹਾਉ ॥ [ਗੋਂਡ ਮ: ੫, ਪੰਨਾ ੮੬੪
ਦੂਜਾ ਨਹੀ ਜਾਨੈ ਕੋਇ ॥ ਸਤਿਗੁਰੁ ਨਿਰੰਜਨੁ ਸੋਇ ॥
ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥੨॥੨੮॥੩੯॥ [ਰਾਮਕਲੀ ਮ: ੫, ਪੰਨਾ ੮੯੫

ਇਸਦਾ ਵੱਡਾ ਕਾਰਨ ਇਹ ਹੈ ਕਿ ਜੋ ਗੁਰੂ ਅਜੇ ਆਪ ਨਿਰੰਕਾਰ ਨਾਲ ਅਭੇਦ ਨਹੀਂ ਹੋਇਆ, ਉਹ ਆਪਣੇ ਸਿਖ ਨੂੰ ਕਿਵੇਂ ਉਸ ਵਿਚ ਲੀਨ ਕਰ ਸਕੇਗਾ! ਅਸੀਂ ਵੇਦਾਂ ਸ਼ਾਸਤ੍ਰਾਂ ਦੇ ਮੁਕਤੀ-ਪੱਦ ਕਾਫ਼ੀ ਪਿਛੇ ਛਡ ਆਏ ਹਾਂ। ਗੁਰਮਤਿ ਅਨੁਸਾਰ ਹਰੇਕ ਜੀਵਾਤਮਾ, ਖਾਸ ਕਰ ਮਨੁਖਾ ਸਰੀਰ-ਧਾਰੀ ਜੀਵ, ਚਾਹੇ ਉਹ ਇਸਤ੍ਰੀ ਹੈ ਚਾਹੇ ਪੁਰਸ਼, ਚਾਹੇ ਉਹ ਉਚ ਜਾਤੀ ਬ੍ਰਾਹਮਣ ਹੈ ਚਾਹੇ ਉਹ ਨੀਚ ਕੁਲ ਦਾ ਹੈ, ਚਾਹੇ ਉਹ ਇਸਲਾਮ ਧਰਮ ਦਾ ਹੈ ਜਾਂ ਕਿਸੇ ਹੋਰ ਧਰਮ ਦਾ, ਹਰ ਮਨੁਖੀ ਆਤਮਾ ਪਰਮਾਤਮਾ ਵਿਚ ਲੀਨ ਹੋ ਸਕਦੀ ਹੈ, ਜੇਕਰ ਉਹ ਸ੍ਰੀ ਅਕਾਲ ਪੁਰਖ ਜੀ ਦੇ ਵਰੋਸਾਏ, ਸਤਿਗੁਰਾਂ ਦੇ ਬਚਨ ਮੰਨ ਕੇ ਜੀਵਨ ਬਿਤਾਉਂਦਾ ਹੈ। ਕਈ ਲੋਕ ਦਲੀਲ-ਬਾਜ਼ੀ ਵਿਚ ਕਹਿ ਦਿਆ ਕਰਦੇ ਹਨ ਕਿ ਦ੍ਰਿੜ੍ਹ ਨਿਸਚਾ ਹੋਣਾ ਚਾਹੀਦਾ ਹੈ, ਚਾਹੇ ਪੱਥਰ ਤੇ ਹੀ ਹੋਵੇ, ਉਸ ਵਿਚੋਂ ਭੀ ਰੱਬ ਮਿਲ ਸਕਦਾ ਹੈ। ਗੁਰਮਤਿ ਇਸ ਕਿਸਮ ਦੀਆਂ ਤੁਕੇ-ਬਾਜ਼ੀਆਂ ਤੋਂ ਸਾਵਧਾਨ ਕਰਦੀ ਹੈ ਕਿ ਜਿੰਨਾ ਚਿਰ ਤਕ ਸਿਖ ਦਾ ਆਪਣੇ ਪੂਰੇ ਗੁਰੂ ਉਤੇ ਸੌ ਫ਼ੀ ਸਦੀ ਨਿਸਚਾ ਨਹੀਂ ਬਝਦਾ, ਉਤਨਾ ਚਿਰ ਤਕ ਸਿਖ ਦਾ ਜੀਵਨ-ਵਿਹਾਰ ਕਦੀ ਨਹੀਂ ਬਦਲਦਾ। ਜੇ ਗੁਰੂ ਕਾ ਸਿਖ ਗੁਰੂ ਕੇ ਬਚਨਾਂ ਤੇ ਚਲੇਗਾ ਤਾਂ ਹੀ ਉਹ ਵਿਕਾਰੀ ਜੀਵਨ ਤੋਂ ਬਚ ਸਕੇਗਾ। ਫਿਰ ਉਹ ਮਨ ਦੀ ਮਤਿ ਤਿਆਗੇਗਾ ਤੇ ਗੁਰੂ ਦੀ ਮਤਿ ਗ੍ਰਹਿਣ ਕਰੇਗਾ। ਪਰ ਨਾਲ ਹੀ ਕਿਹਾ ਹੈ–

ਅੰਧੇ ਗੁਰੂ ਤੇ ਭਰਮੁ ਨ ਜਾਈ ॥ [ਗਉੜੀ ਮ: ੩, ਪੰਨਾ ੨੩੨
ਗੁਰੂ ਜਿਨਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥੨॥੧੦॥ [ਰਾਮਕਲੀ ਕੀ ਵਾਰ, ਮ: ੩, ਪੰਨਾ ੯੫੧

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਵਿਚ ਗੁਰੂ ਸਬੰਧੀ ਇਹੋ ਉਪਦੇਸ਼ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਉਸ ਨੂੰ ਗੁਰੂ ਧਾਰੋ ਜੋ ਮਨੁਖ ਦਾ ਹਲਤ ਪਲਤ ਦੋਵੇਂ ਸੰਵਾਰ ਸਕੇ। ਨਾਲੇ ਚਿਤਾਵਨੀ ਭੀ ਕਰੜੀ ਦੇ ਦਿਤੀ ਹੈ :–

ਜੇ ਕੋ ਗੁਰ ਤੇ ਵੇਮੁਖੁ ਹੋਵੈ, ਬਿਨੁ ਸਤਿਗੁਰ ਮੁਕਤਿ ਨ ਪਾਏ ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ ॥



www.AKJ.Org

ਅਨੇਕ ਜੂਨੀ ਭਰਮਿ ਆਵੈ, ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ, ਸਤਿਗੁਰੂ ਸਬਦੁ ਸੁਣਾਏ ॥੨੨॥
[ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਸਤਿਗੁਰੂ ਨਾਨਕ ਦੇਵ ਜੀ ਦੀ ਅਕਾਲੀ ਜੋਤਿ ਦਸੋਂ ਗੁਰੂ ਸਾਹਿਬਾਨ ਵਿਚ ਇਕ-ਰਸ ਜਗਤ ਉਧਾਰ ਕਰਦੀ ਆ ਰਹੀ ਹੈ ਤੇ ਹੁਣ ਉਸ ਜੋਤਿ ਦੇ ਪਰਤੱਖ ਦਰਸ਼ਨ ਦੀਦਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋ ਰਹੇ ਹਨ । ਪਰ ਨਕਲੀ ਨਿਰੰਕਾਰੀਆਂ ਅਤੇ ਰਾਧਾ ਸੁਆਮੀ ਗੁਰੂਆਂ ਨੇ ਬੜੀ ਸੌਖੀ ਤਰਕੀਬ ਕੱਢ ਲਈ ਹੋਈ ਹੈ । ਕਮਜ਼ੋਰ ਵੇਲਾਂ ਹਮੇਸ਼ਾ ਮਜ਼ਬੂਤ ਤਣੇ ਦੇ ਸਹਾਰੇ ਉਚੀਆਂ ਚੜ੍ਹਨ ਦਾ ਜਤਨ ਕਰਦੀਆਂ ਹਨ । ਇਹਨਾਂ ਦੇ ਆਗੂਆਂ ਨੇ ਗੁਰਮਤਿ ਫਲਸਫੇ ਨੂੰ ਲੈ ਕੇ ਕੁਝ ਇਧਰੋਂ ਉਧਰੋਂ ਰੱਲਾ ਪਾ ਕੇ ਭੋਲੇ ਭਾਲੇ ਲੋਕਾਂ ਨੂੰ ਉਪਰੋਕਤ ਚਿਤਾਵਨੀ ਦਾ ਡਰਾਵਾ ਦੇ ਕੇ ਆਪਣੇ ਪਿਛੇ ਲਾਇਆ ਹੋਇਆ ਹੈ । ਪਰ ਸਾਂਵਧਾਨੀ ਵਰਤਣੀ ਹੀ ਉਚਿਤ ਹੈ, ਕਿਉਂਕਿ :—

ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥੨੧॥
[ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੨

ਗੁਰਮਤਿ ਦੀ 'ਸਾਚੇ ਗੁਰੂ ਦੀ' ਕਸਵੱਟੀ ਹੀ ਇਹੋ ਹੈ ਕਿ ਕੀ ਉਹ ਆਪ ਤਰਿਆ ਹੈ ? ਕੀ ਉਹ ਆਪ ਅਕਾਲ ਪੁਰਖ ਨਾਲ ਅਭੇਦ ਹੋ ਗਿਆ ਹੈ ? ਜੇ ਅਜੇ ਨਹੀਂ ਹੋਇਆ ਤਾਂ ਉਹ ਕਚਾ ਹੀ ਹੈ । ਉਹ ਜਗਿਆਸੂ ਤਾਂ ਹੋ ਸਕਦਾ ਹੈ, ਪਰ ਗੁਰੂ ਨਹੀਂ । ਦੂਜੀ ਕਸਵੱਟੀ ਸੱਚੇ ਗੁਰੂ ਦੀ ਗੁਰੂ-ਘਰ ਵਿਚ ਇਹ ਹੈ ਕਿ ਗੁਰੂ ਆਪਣੇ ਸਿਖ ਨੂੰ ਭੀ ਆਪਣੇ ਵਰਗਾ ਬਣਾ ਸਕਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਹਨ, ਪਰ ਉਹਨਾਂ ਤੋਂ ਪਰਵਰਤੀ ਗੁਰੂ, ਸਿਖ ਤੋਂ ਗੁਰੂ ਬਣੇ ।

ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰਉਪਦੇਸੁ ਚਲਾਏ ॥੮॥੨॥੯॥ [ਆਸਾ ਮ: ੪, ਪੰਨਾ ੪੪੪

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਤੇ ਆਪ ਟਿਕ ਕੇ, ਸਭ ਤੋਂ ਪਹਿਲਾਂ ਆਪ ਹੀ ਨਮਸਕਾਰ ਕੀਤੀ ਤੇ ਸਮੂਹ ਸਿਖ ਸੰਗਤਾਂ ਨੂੰ ਹੁਕਮ ਦਿੱਤਾ ਕਿ "ਭਾਈ ਲਹਿਣਾ ਜੀ ਵਿਚ ਹੁਣ ਸਾਡੇ ਹੀ ਦਰਸ਼ਨ ਕਰਨੇ । ਇਹ ਹੁਣ ਭਾਈ ਲਹਿਣਾ ਜੀ ਨਹੀਂ, ਇਹ ਗੁਰੂ ਨਾਨਕ ਹੈ ।"

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥੨॥ (੯੬੬)

ਸਾਡੇ ਕਈ ਸਿਖ ਵਿਦਵਾਨ ਅਜੇ ਵੇਦ ਸ਼ਾਸਤ੍ਰੀ ਬ੍ਰਹਮ ਦੀ ਵਿਆਖਿਆ ਦੇ ਸੌੜੇ ਘੇਰੇ ਚੋਂ ਨਿਕਲ ਨਹੀਂ ਸਕੇ । ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਮੂਰਤਿ ਮੰਨਣ ਵਿਚ ਸੰਕੋਚ ਹੈ । ਉਹ ਅਕਸਰ ਦਸਵੇਂ ਪਾਤਸ਼ਾਹ ਦੀਆਂ ਇਹ ਸਤਰਾਂ ਆਪਣੀ ਦਲੀਲ ਦੀ ਪ੍ਰੋੜ੍ਹਤਾ ਲਈ ਹਵਾਲੇ ਵਜੋਂ ਦਿਆ ਕਰਦੇ ਹਨ :—

ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥
ਬਚਿਤ੍ਰ ਨਾਟਕ, ਧਿਆਇ ੬

ਉਹ ਦਸਵੇਂ ਪਾਤਸ਼ਾਹ ਜੀ ਦੀਆਂ ਹੇਠ ਲਿਖੀਆਂ ਸਤਰਾਂ ਵਿਚ ਸ੍ਵੈਵਿਰੋਧ ਮੰਨਦੇ ਹਨ, ਕਿਉਂਕਿ ਉਹਨਾਂ ਦੀ ਧਾਰਨਾ ਵੇਦੀ-ਕਤੇਬੀ ਧਾਰਨਾ ਅਨੁਸਾਰ ਪਰਪਕ ਹੋ ਚੁਕੀ ਹੈ—

ਹਰਿ ਹਰਿ ਜਨ ਦੁਇ ਏਕ ਹੈ, ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ ॥੬੦॥
(ਬਚਿਤ੍ਰ ਨਾਟਕ, ਧਿਆਇ ੬)

ਦਸਵੇਂ ਪਾਤਸ਼ਾਹ ਨੇ ਤਾਂ ਸਮਕਾਲੀ ਅਵਤਾਰਵਾਦ ਦੀ ਵਿਚਾਰਧਾਰਾ ਦੇ ਖੰਡਨ ਵਜੋਂ ਉਪਦੇਸ਼ ਕੀਤਾ ਸੀ ਕਿ ਕਿਤੇ ਅਨਜਾਣ ਲੋਕ ਆਪ ਨੂੰ ਭਗਵਾਨ ਦਾ ਅਵਤਾਰ ਮੰਨ ਕੇ ਮੂਰਤੀ-ਪੂਜਾ ਰਾਹੀਂ ਨਾ ਪੂਜਣ ਲਗ ਪੈਣ । ਪਰ ਉਹਨਾਂ ਦੀ ਸੇਧ ਬਿਲਕੁਲ ਸਪਸ਼ਟ ਹੈ ਕਿ ਗੁਰੂ ਅਤੇ ਪਰਮੇਸ਼ਰ ਅੰਦਰੋਂ ਇਕ ਹੁੰਦੇ ਹਨ । ਫ਼ਰਕ ਸਿਰਫ ਇਤਨਾ ਹੈ ਕਿ ਗੁਰੂ ਨੇ ਮਨੁਖ ਦਾ ਜਾਮਾ ਪਹਿਨਿਆ ਹੋਇਆ ਹੈ । ਕਿਉਂਕਿ ਕੇਵਲ ਇਸੇ ਜਾਮੇ ਰਾਹੀਂ ਉਧਾਰ ਹੋਣਾ


www.AKJ.Org

ਸੰਭਵ ਸੀ। ਬਾਣੀ ਗੁਰੂ, ਗੁਰੂ ਬਾਣੀ ਭੀ ਇਸੇ ਜਾਮੇ ਰਾਹੀਂ ਧੁਰੋਂ ਉਤਰ ਸਕਦੀ ਸੀ। ਇਹ ਤਾਂ ਅਗੰਮੀ ਵਿਉਂਤਾਂ ਹਨ, ਜਿਨ੍ਹਾਂ ਨੂੰ ਸੰਸਾਰਕ ਤਰਕ-ਬੁਧੀ ਨਾਲ ਨਹੀਂ ਪਕੜਿਆ ਜਾ ਸਕਦਾ।

ਪਿਛੇ ਸ਼ਬਦ-ਸੁਰਤਿ ਦੀ ਭਰਪੂਰ ਵਿਚਾਰ ਕੀਤੀ ਜਾ ਚੁੱਕੀ ਹੈ। ਗੁਰੂ ਸਿਖ ਨੂੰ ਸ਼ਬਦ ਰਾਹੀਂ ਮੁਕਤ ਕਰਦਾ ਹੈ। ਸ਼ਬਦ ਹੀ ਗੁਰੂ ਪਾਸ ਸਾਧਨ ਹੈ। ਸ਼ਬਦ ਨਾਮ ਅੰਮ੍ਰਿਤ ਹੈ। ਜੋ ਅੰਮ੍ਰਿਤ ਪੀਂਦਾ ਹੈ, ਅਮਰ ਹੋ ਜਾਂਦਾ ਹੈ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ, ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ ॥੨॥੬॥

(ਗੂਜਰੀ ਮ: ੪, ਪੰਨਾ ੪੯੪)

ਸਤਿਗੁਰ ਅੰਮ੍ਰਿਤ ਬਿਰਖੁ ਹੈ, ਅੰਮ੍ਰਿਤ ਰਸਿ ਫਲਿਆ ॥
ਜਿਸੁ ਪਰਾਪਤਿ ਸੋ ਲਹੈ, ਗੁਰ ਸਬਦੀ ਮਿਲਿਆ ॥੨੮॥

(ਸਾਰੰਗ ਕੀ ਵਾਰ ਮ: ੪, ਪੰਨਾ ੧੨੪੫)

ਕਈ ਲੋਕੀਂ ਇਸ ਭੁਲੇਖੇ ਵਿਚ ਰਹਿੰਦੇ ਹਨ ਕਿ ਸ਼ਬਦ ਤੇ ਬਾਣੀ ਵਿਚ ਅੰਤਰ ਹੈ। ਇਸੇ ਭਰਵਾਸੇ ਬਹੁਤੇ ਲੋਚ ਆਪੋਂ ਬਣ ਬੈਠੇ ਦੇਹਧਾਰੀ ਗੁਰੂਆਂ ਕੋਲੋਂ ਨਾਮ ਲੈਣ ਜਾਂਦੇ ਹਨ। ਉਹਨਾਂ ਨੂੰ ਭੀ ਇਸ ਭੁਲੇਖੇ ਨੂੰ ਵਧਾਉਣ ਵਿਚ ਹੀ ਲਾਭ ਹੈ। ਲੋਕੀਂ ਉਹਨਾਂ ਪਾਸ ਜਾਂਦੇ ਹਨ ਤੇ ਕੰਨਾਂ ਵਿਚ ਫੂਕਾਂ ਮਰਵਾ ਆਉਂਦੇ ਹਨ। ਦਰ-ਅਸਲ ਉਹ ਭੁਲ ਜਾਂਦੇ ਹਨ ਕਿ ਸਤਿਗੁਰੂ ਜੀ ਦਾ ਸ਼ਬਦ ਹੀ ਸਤਿਗੁਰੂ ਜੀ ਦੀ ਬਾਣੀ ਹੈ।

ਗੁਰ ਕੀ ਬਾਣੀ ਨਾਮਿ ਵਜਾਏ ॥੪॥੫॥੪੪॥ (ਆਸਾ ਮ: ੩, ਪੰਨਾ ੩੬੨)

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥ਰਹਾਉ॥

(ਸੂਹੀ ਮ: ੩ ਅਸਟ:, ਪੰਨਾ ੭੫੪)

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ (ਵਾਰ ਸੋਰਠਿ, ਮ: ੩, ਪੰਨਾ ੬੪੬)

ਸ਼ਬਦ ਅਤੇ ਬਾਣੀ ਦਾ ਸੋਮਾ ਹੀ ਇਕੋ ਹੈ। ਇਸ ਲਈ ਦੋਹਾਂ ਨੇ ਜਗਿਆਸੂ ਨੂੰ ਉਸੇ ਸੋਮੇ ਤਕ ਅਪੜਾਉਣਾ ਹੈ।

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥੪੦॥

(ਸਿਧ ਗੋਸਟਿ ਮ: ੧, ਪੰਨਾ ੯੩੫)

ਮੁਕਦੀ ਗੱਲ ਇਹ ਹੈ ਕਿ ਜਿਨ੍ਹਾਂ ਨੇ ਸਤਿਗੁਰ ਦੇ ਬਚਨ ਨਹੀਂ ਮੰਨਣੇ, ਉਹ ਇਕੋਤਰ ਸੌ ਢੁਚਰਾਂ ਡਾਹੁਣਗੇ। ਜਿਨ੍ਹਾਂ ਨੂੰ ਪੂਰਨ ਪ੍ਰਤੀਤ ਹੈ, ਉਹਨਾਂ ਲਈ ਇਤਨਾ ਹੀ ਕਾਫੀ ਹੈ :—

ਅੰਮ੍ਰਿਤ ਨਾਮੁ ਪਰਮੇਸੁਰ ਤੇਰਾ, ਜੋ ਸਿਮਰੈ ਸੋ ਜੀਵੈ ॥ (ਸੋਰਠਿ ਮ: ੫, ਪੰਨਾ ੬੧੬)

ਜਿਹੜਾ ਬਾਣੀ ਪੜ੍ਹਦਾ ਹੈ ਉਹ ਭੀ ਅੰਮ੍ਰਿਤ ਭੁੰਚਦਾ ਹੈ, ਜੋ ਨਾਮ ਜਪਦਾ ਹੈ ਉਹ ਭੀ ਅੰਮ੍ਰਿਤ ਦੇ ਗਟਾਕ ਭੁੰਚਦਾ ਹੈ। ਗੁਰਮਤਿ ਨੇ ਤਾਂ ਮਨੁਖ ਨੂੰ ਖੁਲ੍ਹ ਦੇ ਦਿੱਤੀ ਹੈ—ਕੀ ਭੁੰਚਣਾ ਹੈ ?—ਅੰਮ੍ਰਿਤ ? ਜਾਂ ਬਿਖ ?

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥

(ਵਡਹੰਸ ਕੀ ਵਾਰ ਮ: ੪, ਪੰਨਾ ੫੯੩)

ਸੋ ਗੁਰੂ, ਸੋ ਸਿਖੁ ਹੈ ਭਾਈ, ਜਿਸੁ ਜੋਤੀ ਜੋਤਿ ਮਿਲਾਇ ॥੧॥ (ਸੋਰਠਿ ਮ: ੩, ਪੰਨਾ ੬੦੨)

ਗੁਰਮਤਿ ਪ੍ਰੇਮਾ-ਭਗਤੀ ਮਾਰਗ ਹੈ। ਇਹ ਜੋਗੀਆਂ ਵਾਲਾ ਗਿਆਨ ਮਾਰਗ, ਜਾਂ ਗੀਤਾ ਦੇ ਨਿਸ਼ਕਾਮ ਕਰਮ-ਮਾਰਗ ਨਾਲੋਂ ਬਿਲਕੁਲ ਹੀ ਵਿਲੱਖਣ ਹੈ। ਜੋਗੀਆਂ ਲਈ ਜੋਗ ਅਭਿਆਸ ਰਾਹੀਂ ਕੁੰਡਲਨੀ ਨੂੰ ਜਗਾਇਆ ਜਾਂਦਾ ਹੈ, ਜਿਸਦੀ ਖਾਸ ਤਕਨੀਕ ਹੈ। ਇਸੇ ਨੂੰ ਜੋਗੀ ਵੱਡੀ ਪ੍ਰਾਪਤੀ ਮੰਨਦਾ ਹੈ। ਕਰਮਜੋਗੀ ਦੀ ਆਪਣੀ ਸਮੱਸਿਆ ਹੈ। ਮਨੁਖ ਨਿਸ਼ਕਾਮ ਕਰਮ ਕਿਉਂ ਕਰੇ ? ਅਮਲੀ ਰੂਪ ਤੋਂ ਵੇਖਿਆਂ, ਜਿੰਨਾ ਚਿਰ ਮਨੁਖ ਦਾ ਸਮੁਚਾ ਆਪਾ ਕਰਮ ਕਰਨ ਵਿਚ ਜੁਟਦਾ ਹੈ, ਚਾਹੇ ਉਹ ਨਿਸ਼ਕਾਮ ਕਰਮ ਹੀ ਕਿਉਂ ਨ ਹੋਵੇ, ਉਸਦੀ ਹਉਮੈ ਨਹੀਂ ਮਿਟਦੀ। ਉਹ ਕਰਮੁ ਕਰਦਾ ਹੈ ਤੇ ਫਲ ਭੀ ਭੋਗਣਾ ਚਾਹੁੰਦਾ ਹੈ, ਪਰ ਭਗਵਾਨ ਦਾ ਉਪਦੇਸ਼ ਹੈ ਕਿ ਫਲ ਦੇਣ ਦਾ ਨਿਰਣਾ ਤੇ



www.AKJ.Org

ਅਧਿਕਾਰ ਕੇਵਲ ਭਗਵਾਨ ਨੂੰ ਹੀ ਹੈ। ਮਨੁਖ ਨੇ ਕੇਵਲ ਇਸੇ ਭਰੋਸੇ ਕੰਮ ਕਰੀ ਜਾਣਾ ਹੈ ਕਿ ਫਲ ਦੇਣ ਵਾਲਾ ਸਦਾ ਇਨਸਾਫ਼ ਕਰਦਾ ਹੈ ਤੇ ਉਸ ਨਾਲ ਭੀ ਇਨਸਾਫ਼ ਹੀ ਹੋਵੇਗਾ। ਇਉਂ ਮਨੁਖ ਕਰਮ-ਫਲ ਦੇ ਚਕਰ ਤੋਂ ਨਿਕਲਦਾ ਨਹੀਂ। ਨਾ ਹੀ ਗਿਆਨ ਹੋ ਆਉਂਦਾ ਹੈ।

ਕਰਮ ਕਰਤ ਜੀਅ ਕੋ ਜੇਜਾਰ ॥੩॥੭॥੫੮॥ (ਆਸਾ ਮ: ੫, ਪੰਨਾ ੩੮੫)

ਪਰ ਗੁਰਮਤਿ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਮਨੁਖ ਨੂੰ ਸਭ ਤੋਂ ਪਹਿਲਾਂ ਰੱਬੀ-ਰੰਗਣ ਵਿਚ ਗੜੂੰਦ ਕਰ ਲਿਆ ਜਾਂਦਾ ਹੈ, ਤੇ ਫਿਰ ਉਹ ਉਸੇ ਰੰਗ ਵਿਚ ਵਿਚਰਦਾ ਤੇ ਕੰਮ ਕਰਦਾ ਹੈ, ਅੰਤ ਸਚ ਵਿਚ ਹੀ ਸਮਾ ਜਾਂਦਾ ਹੈ।

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥
ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥
ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥
(ਗਉੜੀ ਸੁਖਮਨੀ ਮ: ੫, ਪੰਨਾ ੨੮੨)

ਦਰ-ਅਸਲ ਪ੍ਰਭੂ ਅਤੇ ਜਨ ਦੋਵੇਂ ਇਕੋ ਹਨ। ਜਿੰਨਾ ਚਿਰ ਮਨੁਖ ਹਉਂ ਦੇ ਆਸਰੇ ਕਰਮ ਕਰਦਾ ਹੈ, ਉਹ ਭਰਮ-ਜਾਲ ਵਿਚ ਫਸਿਆ ਹੈ। ਜਦੋਂ ਇਸ ਖੇਡ ਦੀ ਸਮਝ ਆ ਜਾਂਦੀ ਹੈ ਉਦੋਂ ਚਾਨਣ ਹੋ ਜਾਂਦਾ ਹੈ। ਪਰ ਸੱਚੇ ਗੁਰੂ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ, ਇਹ ਗੁਰਮਤਿ ਫ਼ਲਸਫ਼ੇ ਦਾ ਕੇਂਦਰੀ ਧੁਰਾ ਹੈ। ਅਤੇ ਇਸ ਸੰਸਾਰ ਵਿਚ ਸੱਚਾ ਗੁਰੂ ਸ੍ਰੀ ਗੁਰੂ ਨਾਨਕ ਦੇਵ—ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ। ਦੇਹ ਦਾ ਖ਼ਤਮ ਹੋਣਾ ਜਿਵੇਂ ਕੁਦਰਤਿ ਦਾ ਅਟੱਲ ਨਿਯਮ ਹੈ, ਤਿਵੇਂ "ਬਾਣੀ ਗੁਰੂ, ਗੁਰੂ ਹੈ ਬਾਣੀ" ਗੁਰਮਤਿ ਦਾ ਅਟੱਲ ਸਿਧਾਂਤ ਹੈ। ਜਿਨ੍ਹਾਂ ਨੇ ਬਾਣੀ ਨੂੰ ਭੈ-ਭਾਵਨੀ ਸਹਿਤ, ਪ੍ਰੇਮ ਨਾਲ ਪੜ੍ਹ ਪੜ੍ਹ ਕੇ, ਗਾ ਗਾ ਕੇ ਉਸਦਾ ਰਸ ਮਾਣਿਆ ਹੈ, ਉਹੀ ਜਾਣਦੇ ਹਨ :—

ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥
ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥੯॥ [ਵਾਰ ਗਉੜੀ ਮ: ੫, ਪੰਨਾ ੩੨੦

ਚੁਫੇਰੇ, ਭਾਰਤੀ ਧਰਮਾਂ ਤੇ ਝਾਤ ਮਾਰਨ ਨਾਲ ਇਹ ਸਹਿਜੇ ਹੀ ਦਿਸ ਆਉਂਦਾ ਹੈ, ਗੁਰੂ ਧਾਰਨ ਕਰਨ ਦੀ ਪ੍ਰਥਾ ਭਾਵੇਂ ਚਿਰਾਂ ਪੁਰਾਣੀ ਹੈ, ਪਰ ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ, ਕਲਜੁਗ ਵਿਚ ਹਾਲਤ ਇਸ ਕਦਰ ਭੈੜੀ ਸੀ :—

ਬਾਝੁ ਗੁਰੂ ਅੰਧੇਰ ਹੈ, ਖਹਿ ਖਹਿ ਮਰਦੇ ਬਹੁ ਬਿਧਿ ਲੋਆ ॥
ਥੰਮੇ ਕੋਇ ਨ ਸਾਧ ਬਿਨੁ, ਸਾਧੁ ਨ ਦਿਸੈ ਜਗ ਵਿਚਿ ਕੋਆ ॥੨੨॥ (੧)

ਜੈਨੀ, ਬੋਧੀ, ਸਨਾਤਨੀ ਜੋਗੀ ਆਦਿ ਸਭ ਦੇ ਵਖੋ ਵਖ ਗੁਰੂ ਸਨ, ਜੋ ਇਕ ਦੂਜੇ ਨਾਲ ਖਹਿ ਖਹਿ ਮਰਦੇ ਸਨ। ਸਿਧ ਗੋਸਟਿ ਤੋਂ ਇਹੋ ਪਰਤੀਤ ਹੁੰਦਾ ਹੈ ਕਿ ਜੋਗੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ (ਗੁਰੂ ਤਾਂ ਕੀ ਮੰਨਣਾ ਸੀ) ਚੇਲਾ ਬਣਾਉਣ ਦੇ ਵਿਚਾਰ ਰਖਦੇ ਸਨ।

ਗੁਰਮਤਿ ਦੇ ਵਿਰੋਧੀ ਦਬਵੀਂ ਆਵਾਜ਼ ਵਿਚ ਕਹਿੰਦੇ ਸੁਣੀਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਥੇ ਲਿਖਿਆ ਹੈ ਕਿ ਸਾਨੂੰ ਅਕਾਲ ਪੁਰਖ ਨੇ ਗੁਰਤਾ ਦਾ ਕੰਮ ਸੌਂਪਿਆ ? ਅਤੇ ਆਪ ਭਾਰਤੀ ਧਰਮਾਂ ਦੇ ਗੁਰੂਆਂ ਨਾਲੋਂ ਕਿਵੇਂ ਉਚੇ ਸਨ ? ਮਾਝ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਕੇਤ ਦਿਤਾ ਹੈ :—

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥ ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥
ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥ ਤਬਲਬਾਜ ਬੀਚਾਰ ਸਬਦਿ ਸੁਣਾਇਆ ॥੧੦॥ (੧੪੨)

ਭਾਵ—ਉਸ ਸੱਚੇ ਮਾਲਕ ਦੀ ਦਰਗਾਹ ਵਿਚ ਉਹ ਸਰਦਾਰ ਹੈ ਜਿਸਨੇ ਹੁਕਮ ਮੰਨਿਆ ਹੈ। ਨਗਾਰਚੀ ਨੇ


www.AKJ.Org

ਸ਼ਬਦ ਦੁਆਰਾ ਵਿਚਾਰ ਪ੍ਰਗਟ ਸੁਣਾ ਦਿਤਾ ਹੈ। ਮਾਲਕ ਨੇ ਇਹੋ ਕਾਰ ਕਰਨ ਲਈ ਮੈਨੂੰ ਭੇਜਿਆ ਹੈ।

ਮਾਝ ਕੀ ਵਾਰ ਦੇ ਅੰਤ ਵਿਚ ਭੀ ਆਪ ਨੇ ਆਪਣੇ ਮਿਸ਼ਨ ਬਾਰੇ ਸੰਕੇਤ ਕੀਤਾ ਹੈ। ਇਥੇ ਹੁਣ ਤਬਲਬਾਜ਼ ਦੀ ਥਾਂ ਆਪ ਆਪਣੇ ਆਪ ਨੂੰ ਢਾਢੀ ਆਖਦੇ ਹਨ–

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥

[ਮਾਝ ਕੀ ਵਾਰ ਮ: ੧, ਪੰਨਾ ੧੫੦

ਦਸਵੇਂ ਸਤਿਗੁਰੂ ਜੀ ਇਸੇ ਮਿਸ਼ਨ ਨੂੰ ਬਚਿਤ੍ਰ ਨਾਟਕ ਵਿਚ ਨਾਟਕੀ ਢੰਗ ਨਾਲ ਪੇਸ਼ ਕਰਦੇ ਹੋਏ ਫੁਰਮਾਉਂਦੇ ਹਨ :–

ਚੌਪਈ ॥ ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥
ਨਰਾਜ ਛੰਦ ॥ ਕਹਿਓ ਪ੍ਰਭੂ ਸੁ ਭਾਖਿ ਹੋਂ ॥ ਕਿਸੂ ਨ ਕਾਨ ਰਾਖਹੋਂ ॥
ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥
ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥
ਅਨੰਤ ਨਾਮੁ ਗਾਇ ਹੋਂ ॥ ਪਰਮ ਪੁਰਖ ਪਾਇ ਹੋਂ ॥੩੫॥ [ਬਚਿਤ੍ਰ ਨਾਟਕ, ਧਿਆਇ ੬

ਅਗੇ ਚਲ ਕੇ ਆਪ ਫੁਰਮਾਉਂਦੇ ਹਨ :–

ਜੇ ਜੇ ਬਾਦਿ ਕਰਤ ਹੰਕਾਰਾ ॥ ਤਿਨ ਤੇ ਭਿੰਨ ਰਹਤ ਕਰਤਾਰਾ ॥
ਬੇਦ ਕਤੇਬ ਬਿਖੈ ਹਰਿ ਨਾਹੀ ॥ ਜਾਨ ਲੇਹੁ ਹਰਿ ਜਨ ਮਨ ਮਾਹੀ ॥੬੧॥

[ਬਚਿਤ੍ਰ ਨਾਟਕ ਪਾ: ੧੦, ਧਿਆਇ ੬

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਸਾਹਿਬਾਨ ਦਾ ਮਿਸ਼ਨ ਧੁਰ ਕਰਤਾਰੀ ਹੈ ਅਤੇ ਉਹਨਾਂ ਨੇ ਗੁਰਮਤਿ-ਗਾਡੀ-ਰਾਹ ਵੇਦਾਂ ਤੇ ਕਤੇਬੀ ਮਤਾਂ ਤੋਂ ਵਿਲੱਖਣ ਬਣਾਇਆ। ਸਤਿਗੁਰ ਵਿਚ ਅਕਾਲ ਪੁਰਖ ਨੇ ਆਪਣਾ ਮਿਸ਼ਨ ਰਖ ਕੇ ਸੰਸਾਰ ਦੇ ਉਧਾਰ ਦਾ ਕੰਮ ਪਰਗਟ ਕਰ ਦਿਤੇ–

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥

[ਆਸਾ ਕੀ ਵਾਰ ਮ: ੧, ਪੰਨਾ ੪੬੬

ਇਸ ਲਈ ਗੁਰਬਾਣੀ ਵਿਚ ਉਹ ਸ਼ਕਤੀ ਹੈ ਜੋ ਮਨੁਖ ਨੂੰ ਪਰਮ ਪਦ ਦੀ ਪ੍ਰਾਪਤੀ ਕਰਵਾ ਸਕਦੀ ਹੈ। ਵੇਦ ਬਾਣੀ ਨਾ ਗੁਰੂ ਹੈ, ਨਾ ਉਸ ਵਿਚ ਇਹ ਸ਼ਕਤੀ ਹੈ। ਕਿਸੇ ਭੀ ਹੋਰ ਕਤੇਬੀ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਮਾਨ ਨਾ ਗੁਰਤਾ ਪ੍ਰਾਪਤ ਹੈ ਨਾ ਸ਼ਕਤੀ। ਵੇਦ ਕਿਸ ਨੇ ਰਚੇ ? ਪਤਾ ਹੀ ਨਹੀਂ। ਵੇਦਾਂ ਦਾ ਰਚਨਹਾਰ ਬ੍ਰਹਮਾ ਮੰਨਿਆ ਗਿਆ ਹੈ, ਜੋ ਆਪ ਅਜੇ ਦੇਵਤਿਆਂ ਦੀ ਜੂਨ ਵਿਚ ਹੈ। ਬੇਦਾਂ ਨੂੰ ਤਾਂ ਲੋਕੀਂ ਪੂਜਦੇ ਹਨ, ਸਤਿਕਾਰਦੇ ਹਨ, ਪਰ ਬੇਦਾਂ ਦੇ ਰਚਿਤਾ ਦੀ ਪੂਜ ਤਕ ਪ੍ਰਚਲਤ ਨਹੀਂ ਹੋਈ।

ਤਾਂ ਤੇ ਗੁਰਮਤਿ ਦੇ ਗੁਰੂ ਸਿਧਾਂਤ ਦਾ ਆਧਾਰ ਧੁਰੋਂ ਪਠਾਏ ਸਤਿਗੁਰੂ ਨਾਨਕ ਦੇਵ ਜੀ ਆਪ ਹੀ ਹਨ। ਅਤੇ ਇਹੋ ਇਸ ਦੀ ਵਿਲੱਖਣਤਾ ਅਤੇ ਗੌਰਵਤਾ ਹੈ। ਸਮੂਚੇ ਵਿਸ਼ਵ ਨੂੰ ਸ੍ਰੀ ਅਕਾਲ ਪੁਰਖ ਨਾਲ ਸਿਧੇ ਤੌਰ ਤੇ ਜੋੜਨਾ ਇਸ ਮਿਸ਼ਨ ਦਾ ਪ੍ਰਮੁਖ ਉਦੇਸ਼ ਰਿਹਾ ਹੈ। ਅਤੇ ਹੁਣ ਭੀ ਗੁਰਬਾਣੀ ਦਾ ਉਪਦੇਸ਼ ਹਰ ਜਾਤੀ, ਹਰ ਵਰਗ


www.AKJ.Org

ਹਰ ਮਜ਼ਹਬ, ਹਰ ਦੇਸ਼ ਦੇ ਲੋਗਾਂ ਲਈ ਸਾਂਝਾ ਹੈ । ਇਸੇ ਸੇਧ ਨੂੰ ਮੁਖ ਰਖਦਿਆਂ ਫ਼ੁਰਮਾਨ ਹੈ—

ਖਤ੍ਰੀ, ਬ੍ਰਾਹਮਣ, ਸੂਦ, ਵੈਸ, ਉਪਦੇਸੁ ਚਹੁ ਵਰਨਾ ਕਉ ਸਾਂਝਾ ॥
ਗੁਰਮੁਖਿ ਨਾਮੁ ਜਪੈ, ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥
(ਸੂਹੀ ਮਹਲਾ ੫, ਪੰਨਾ ੭੪੭-੪੮)

ਸਾਮੀ ਅਤੇ ਭਾਰਤੀ ਧਰਮਾਂ ਦੇ ਬਾਹਰਮੁਖੀ ਸੰਕੋਚਵੀਂ ਭਾਵਨਾ ਦਾ ਅੰਦਾਜ਼ਾ ਉਹਨਾਂ ਦੇ ਧਰਮ-ਅਸਥਾਨਾਂ ਦੀ ਉਸਾਰੀ-ਕਲਾ ਤੋਂ ਭੀ ਲਗਾਇਆ ਜਾ ਸਕਦੈ । ਮੰਦਰਾਂ ਵਿਚ ਮੂਰਤੀ ਦੀ ਪੂਜਾ ਕੇਵਲ ਅਧਿਕਾਰੀ ਜਾਤੀ ਦੇ ਲੋਗ ਹੀ ਕਰ ਸਕਦੇ ਹਨ । ਅਤੇ ਇਸ ਲਈ ਉਥੇ ਅੰਦਰ ਬਾਹਰ ਜਾਣ ਲਈ ਇਕੋ ਹੀ ਦੁਆਰ ਰਖਿਆ ਜਾਂਦਾ ਹੈ । ਮੰਦਰ ਦਾ ਨਾਮ ਭੀ ਮੂਰਤੀ ਦੇ ਨਾਮ ਅਨੁਸਾਰ ਰਖਿਆ ਜਾਂਦਾ ਹੈ । ਦੂਜੇ ਪਾਸੇ ਮਸਜਿਦ ਵਿਚ ਭੀ ਕੇਵਲ ਪੂਰਬ ਵਲੋਂ ਅੰਦਰ ਜਾਣ ਦਾ ਦੁਆਰ ਰਖਿਆ ਜਾਂਦਾ ਹੈ ਤੇ ਪਛਮ ਵਲ ਕੇਵਲ ਕੰਧ ਹੁੰਦੀ ਹੈ, ਜਿਸ ਵਲ ਸਭ ਨੇ ਸਨਮੁਖ ਹੋ ਕੇ ਸਿਜਦੇ ਵਿਚ ਖੜੇ ਹੋਣਾ ਹੁੰਦੈ । ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕੇਵਲ "ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ"* ਦੇ ਮਨੋਰਥ ਨੂੰ ਮੁਖ ਰਖ ਕੇ ਕੀਤੀ ਸੀ । ਫਿਰ ਗੁਰੂ ਅਰਜਨ ਦੇਵ ਜੀ ਨੇ ਜਦੋਂ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਉਸ ਦੀ ਉਸਾਰੀ-ਕਲਾ ਵਿਚ ਦੋ ਗੱਲਾਂ ਵਿਸ਼ੇਸ਼ ਰਖੀਆਂ । ਇਕ ਤਾਂ ਇਸ ਦੇ ਚਾਰੇ ਦਿਸ਼ਾਵਾਂ ਵਿਚ ਦਰਵਾਜ਼ੇ ਹਨ, ਜੋ ਇਸ ਗਲ ਦਾ ਪ੍ਰਤੀਕ ਹਨ ਕਿ ਇਹ ਮੰਦਰ ਹਰੀ, ਅਕਾਲ ਪੁਰਖ, ਅੱਲਾਹ ਤਾਲਾ, ਸਤਯਮ, ਸ਼ਿਵਮ, ਸੁੰਦਰਮ ਪਾਰਬ੍ਰਹਮ, ਪੂਰਨ ਬ੍ਰਹਮ ਦਾ ਹੈ । ਇਥੇ ਹਰ ਮਜ਼ਹਬ ਅਤੇ ਹਰ ਜਾਤੀ ਦਾ ਮਨੁਖ ਆ ਸਕਦੈ । ਦੂਜਾ, ਇਹ ਮੰਦਰ ਸਰੋਵਰ ਦੇ ਵਿਚਕਾਰ ਹੈ । ਸਰੋਵਰ ਸੰਸਾਰ ਹੈ । ਹਰਿਮੰਦਰ ਮੰਜ਼ਲ ਹੈ, ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਤੇ ਹਰਿਮੰਦਰ ਤਕ ਪੁਜਣ ਦਾ ਕੇਵਲ ਇਕੋ ਰਾਹ ਹੈ । ਇਹ ਰਾਹ 'ਗੁਰੂ' ਦਾ ਪ੍ਰਤੀਕ ਹੈ । ਜਿਸਨੇ ਹਰਿਮੰਦਰ ਤਕ ਪੁਜਣਾ ਹੈ ਉਸਨੂੰ ਗੁਰੂ ਦੇ ਦਸੇ ਰਾਹ ਤੇ ਤੁਰ ਕੇ ਜਾਣਾ ਪਏਗਾ, ਨਹੀਂ ਤਾਂ ਹਰਿਮੰਦਰ ਤਕ ਉਹ ਨਹੀਂ ਅਪੜ ਸਕੇਗਾ । ਅਜ ਵੀ 'ਹਰਿਮੰਦਰ' ਉਵੇਂ ਕਿਵੇਂ ਚਾਰ ਚੁਫੇਰੇ ਪਾਣੀ ਨਾਲ ਘਿਰਿਆ ਹੋਇਆ ਹੈ । ਸਤਿਗੁਰਾਂ ਨੇ ਇਸ ਦੀ ਉਸਾਰੀ ਤੋਂ ਇਹ ਮੁਦਾਵਣੀ ਪਾ ਰਖੀ ਹੈ । ਜਿਹੜੇ ਉਸ ਨਿਸ਼ਚਿਤ ਰਾਹ ਤੇ ਤੁਰਨਾ ਨਹੀਂ ਚਾਹੁੰਦੇ ਉਹ ਸਦਾ 'ਹਰਿਮੰਦਰ' ਦੀ ਪਰਕਰਮਾ ਤਾਂ ਕਰ ਸਕਦੇ ਹਨ, ਪਰ 'ਸਚਖੰਡ ਹਰਿਮੰਦਰ' ਨਹੀਂ ਜਾ ਸਕਣਗੇ । ਉਸ ਤਕ ਪਹੁੰਚਣ ਦਾ ਰਾਹ ਕੇਵਲ ਇਕੋ ਹੀ ਹੈ ।

ਗੁਰ ਫੁਰਮਾਨਾਂ ਵਿਚ ਇਸਦਾ ਸੰਕੇਤ ਹੈ, ਗੁਪਤ ਵੀ ਹੈ, ਪਰਗਟ ਵੀ ਹੈ । ਜਿਨ੍ਹਾਂ ਨੂੰ ਗੁਰੂ ਤੇ ਭਰੋਸਾ ਆ ਜਾਂਦਾ ਹੈ ਉਹ ਗੁਰੂ ਦੇ ਦਸੇ ਰਾਹ ਤੇ ਤੁਰ ਪੈਂਦੇ ਹਨ । ਜਿਨ੍ਹਾਂ ਨੂੰ ਅਜੇ ਪੂਰਨ ਭਰੋਸਾ ਨਹੀਂ, ਉਹ ਹਰੀ-ਮੰਦਰ ਦੀ ਪਰਕਰਮਾ ਹੀ ਕਰਦੇ ਰਹਿੰਦੇ ਹਨ ।

ਹੇਕੋ ਪਾਧਰੁ ਹੇਕੁ ਦਰੁ, ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ, ਸਭਿ ਸੁਖ ਸਾਚਉ ਨਾਮ ॥੨॥
[ਮ: ੧, ਵਾਰ ਮਲਾਰ, ਪੰਨਾ ੧੨੭੯

ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ਰਹਾਉ॥ [ਗੋਂਡ ਮ: ੫, ੮੬੪

ਗੁਰੂ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥
[ਸਲੋਕ ਮ: ੨, ਸਾਰੰਗ ਕੀ ਵਾਰ, ਪੰਨਾ ੧੨੩੭

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ [ਸੂਹੀ ਮ:੧, ਪੰਨਾ ੭੨੯-੩੦

ਗੁਰਮਤਿ ਨੂੰ ਨਿਰੋਲ ਕਲਜੁਗੀ ਜੀਵਾਂ ਦਾ ਉਧਾਰ ਕਰਨ ਲਈ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦੇ

*ਸੂਹੀ ਮ: ੫, ਪੰਨਾ ੭੮੧



www.AKJ.Org

ਹੁਕਮ ਅਨੁਸਾਰ ਪ੍ਰਚਾਰਿਆ। ਸਤਿਜੁਗ, ਤ੍ਰੇਤਾ, ਦੁਆਪਰ ਦੇ ਲੋਗਾਂ ਵਿਚ ਧਰਮ ਪ੍ਰਤੀ ਸ਼ਰਧਾ ਭਾਵਨਾ ਕਾਫ਼ੀ ਹੁੰਦਾ ਸੀ ਤੇ ਉਹ ਜਪ ਅਤੇ ਤਪ ਕਰ ਲੈਂਦੇ ਸਨ। ਪਰ ਹੁਣ ਕਲਿਜੁਗ ਹੈ। ਇਸ ਵਿਚ ਜੀਵਾਂ ਦੀ ਬਿਰਤੀ ਪਦਾਰਥਵਾਦੀ ਅਤੇ ਸੁਖਵਾਦੀ ਬਣਦੀ ਜਾ ਰਹੀ ਹੈ। ਲੋਕਾਂ ਲਈ ਜਪ ਤਪ, ਸੰਜਮ, ਤੀਰਥ, ਬ੍ਰਤ ਆਦਿ ਧਾਰਨੇ ਕਾਫ਼ੀ ਕਠਨ ਹੋ ਗਏ ਹਨ। ਕੋਈ ਕਿਤੇ ਵਿਰਲਾ ਹੀ ਹੈ ਜੋ ਬੀਤ ਚੁਕੇ ਤਿੰਨਾਂ ਜੁਗਾਂ ਦੇ ਕਿਰਤ-ਕਰਮ ਕਰਦਾ ਹੋਵੇਗਾ। ਭਾਈ ਗੁਰਦਾਸ ਜੀ ਨੇ ਕਲਜੁਗ ਨੂੰ ਇਸ ਪਖੋਂ ਸਗੋਂ ਵਡਿਆਇਆ ਹੈ ਕਿ ਇਸ ਯੁਗ ਵਿਚ ਥੋੜੀ ਜਿਹੀ ਮਿਹਨਤ ਨਾਲ ਅਤੇ ਥੋੜ੍ਹੀ ਜਿਹੀ ਧਰਮ-ਸਾਧਨਾ ਨਾਲ ਹੀ ਪ੍ਰਭੂ ਜੀ ਦੇ ਦਰਸ਼ਨ ਮਿਲਾਪ ਹੋ ਜਾਂਦੇ ਹਨ। ਗੁਰਮਤਿ ਦਾ ਇਹ ਸਿਧਾਂਤ ਹੈ ਕਿ ਕਲਿਜੁਗ ਵਿਚ ਕਰਮ-ਕਿਰਤ ਦੀ ਬਜਾਏ ਪਰਮਾਤਮਾ ਦੇ ਨਾਮ ਦੀ ਬੜੀ ਸ਼ਕਤੀ ਹੈ, ਜੋ ਮਨੁਖ ਨੂੰ ਸੱਚੇ ਪ੍ਰਭੂ ਨਾਲ ਮੇਲ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਗੁਰਮਤਿ ਦੇ ਇਸ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਫੁਰਮਾਉਂਦੇ ਹਨ—

ਪੂਰਾ ਥਾਟੁ ਬਣਾਇਆ ਪੂਰੈ, ਵੇਖਹੁ ਏਕ ਸਮਾਨਾ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ, ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ, ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ, ਸੰਜਮ, ਤੀਰਥ ਓਨਾ ਜੁਗਾ ਕਾ ਧਰਮੁ ਹੈ, ਕਲਿ ਮਹਿ ਕੀਰਤਿ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ, ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ, ਜਗਿ ਤੇ ਪੂਰੇ ਪਰਵਾਨਾ ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ, ਚੂਕੈ ਮਨਿ ਅਭਿਮਾਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ, ਮਾਨਤ ਪਾਹਿ ਨਿਧਾਨਾ ॥੪॥੪॥

[ਬਿਲਾਵਲੁ ਮ: ੩, ਪੰਨਾ ੭੯੭-੯੮

ਸ੍ਰੀ ਗੁਰੂ ਅਮਰਦਾਸ ਜੀ ਗੁਰੂ ਬਣਨ ਜਾਂ ਗੁਰੂ ਕੇ ਸਿਖ ਬਣਨ ਤੋਂ ਪਹਿਲਾਂ ੨੩ ਸਾਲ ਕਰਮ ਕਿਰਤ ਕਰਦੇ ਰਹੇ। ਹਰ ਸਾਲ ਗੰਗਾ ਇਸ਼ਨਾਨ ਤੇ ਹੋਰ ਤੀਰਥਾਂ ਦਾ ਇਸ਼ਨਾਨ ਕਰਦੇ ਰਹੇ, ਪਰ ਪ੍ਰਾਪਤੀ ਉਦੋਂ ਹੋਈ ਜਦੋਂ ਗੁਰ-ਚਰਨਾਂ ਨਾਲ ਲਗ ਕੇ ਸੱਚੇ ਨਾਮ ਦੀ ਅਤੁਟ ਕਮਾਈ ਕੀਤੀ। ਭਾਈ ਗੁਰਦਾਸ ਜੀ, ਜੋ ਆਪਦੇ ਸਮਕਾਲੀ ਸਨ, ਨੇ ਗੁਰਮਤਿ ਸਿਧਾਂਤ ਨੂੰ ਸਮਝ ਕੇ ਅਤੇ ਆਪ ਜੀ ਦੀ ਬਾਣੀ ਦੀ ਵਿਆਖਿਆ ਕਰਦਿਆਂ ਕਿਹਾ ਹੈ—

ਨਿਰੰਕਾਰ ਆਕਾਰੁ ਕਰਿ, ਜੋਤਿ ਸਰੂਪ ਅਨੂਪ ਦਿਖਾਇਆ ॥
ਵੇਦ ਕਤੇਬ ਅਗੋਚਰਾਂ, ਵਾਹਿਗੁਰੂ ਗੁਰ ਸਬਦੁ ਸੁਣਾਇਆ ॥
ਹੁਕਮਿ ਰਜਾਈ ਚਲਣਾ, ਗੁਰਮੁਖਿ ਗਾਡੀ ਰਾਹੁ ਚਲਾਇਆ ॥ ਪੂਰੈ ਪੂਰਾ ਥਾਟੁ ਬਣਾਇਆ ॥੧੭॥[੧੨]

ਭਾਵ ਨਿਰੰਕਾਰ ਨੇ ਜੋਤਿ ਸਰੂਪ ਗੁਰੂ ਨਾਨਕ ਦਾ ਰੂਪ ਧਾਰਨ ਕੀਤਾ, ਜੋ ਵੇਦਾਂ ਅਤੇ ਕਤੇਬਾਂ (ਕੁਰਾਣ, ਅੰਜੀਲ, ਤੌਰੇਤ) ਦੀ ਸਮਝ ਸੋਝੀ ਤੋਂ ਪਰੇ ਹੈ। ਸਤਿਗੁਰੂ ਜੀ ਨੇ ਆਪਣੇ ਸਿਖਾਂ ਨੂੰ ਗਾਡੀ ਰਾਹ (ਜਿਸ ਮਾਰਗ ਤੇ ਗਡੀ ਅਸਾਨੀ ਨਾਲ ਜਾ ਸਕੇ) ਦਿਖਾਇਆਂ। ਭਾਵ, ਜਿਸ ਮਾਰਗ ਤੇ ਚਲ ਕੇ ਕੋਈ ਔਕੜ ਪੇਸ਼ ਨਹੀਂ ਆਉਂਦੀ। ਉਹ ਰਾਹ ਹੈ ਸ਼ਬਦ-ਸੁਰਤਿ ਦਾਂ। ਉਸ ਰਾਹ ਉਤੇ ਤੁਰਨ ਵਾਲੇ ਨੂੰ ਵਾਹਿਗੁਰੂ ਜੀ ਦੇ ਹੁਕਮ ਅੰਦਰ ਤੁਰਨ ਦੀ ਤਾਕੀਦ ਕੀਤੀ ਗਈ ਹੈ। ਇਸ ਰਾਹ ਵਿਚ ਅਨਿਕ ਪ੍ਰਕਾਰੀ ਕਰਮ ਕਾਂਡਾਂ ਤੇ ਰੀਤਾਂ ਰਸਮਾਂ ਦੀ ਥਾਂ, ਗੁਰ ਸ਼ਬਦ ਦੀ ਕਮਾਈ ਕਰਨ ਦਾ ਹੀ ਹੁਕਮ ਹੈ।

ਪਦਾਰਥਵਾਦੀ ਤਰਕ-ਵਿਤਰਕ ਵਾਲੀ ਬੁਧੀ ਅਜੇ ਸਤਿਗੁਰੂ ਜੀ ਦੀ ਇਸ ਚਿਤਾਵਨੀ ਨੂੰ ਨਹੀਂ ਸਮਝ ਸਕੀ ਕਿ ਕਲਿਜੁਗ ਵਿਚ ਹੁਣ ਚਹੁੰਆਂ ਜੁਗਾਂ ਦਾ ਨਿਬੇੜਾ ਹੋਣਾ ਹੈ। ਜਿਹੜੇ ਅਜੇ ਭੀ ਜਤ ਸੰਜਮ ਤੀਰਥ ਆਦਿ


www.AKJ.Org

ਪੁਰਾਤਨ ਧਰਮ-ਕਰਮਾਂ ਦੇ ਆਸਰੇ, ਇਸੇ ਨੂੰ ਧਰਮ ਸਮਝ ਕੇ ਬੈਠੇ ਰਹਿਣਗੇ, ਉਹਨਾਂ ਨੂੰ ਪ੍ਰਾਪਤ ਕੁਝ ਨਹੀਂ ਹੋਣਾ ਭਾਈ ਗੁਰਦਾਸ ਜੀ ਦੇ ਸੁਲਝੇ ਬੋਲਾਂ ਅਨੁਸਾਰ :—

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੇ ਨ ਕਾਈ ॥......
ਕਲਿਜੁਗਿ ਨਾਵੈ ਕੀ ਵਡਿਆਈ ॥੧੬॥ (੧)

ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਚਿਤਾਵਨੀ ਦਿਤੀ, ਫਿਰ ਪਰਵਰਤੀ ਸਤਿਗੁਰਾਂ ਨੇ ਇਸੇ ਸਿਧਾਂਤ ਨੂੰ ਆਪਣੇ ਅੰਦਾਜ਼ ਨਾਲ ਵਿਆਖਿਆ—

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ [ਬਸੰਤੁ ਮ: ੫, ਪੰਨਾ ੧੧੮੫

ਗੁਰਮਤਿ ਦਾ ਸਾਮ੍ਹੀ ਜਾਂ ਭਾਰਤੀ ਧਰਮਾਂ ਨਾਲ ਕਿਸੇ ਕਿਸਮ ਦਾ ਕੋਈ ਵੈਰ ਵਿਰੋਧ ਨਹੀਂ। ਨੁਕਤਾ-ਨਜ਼ਰ ਅਤੇ ਸਾਧਨਾ ਪੱਖ ਤੋਂ ਗੁਰਮਤਿ ਵਿਲੱਖਣ ਹੈ। ਗੁਰਮਤਿ ਦੀ ਇਹ ਗੌਰਵਤਾ ਹੈ ਕਿ ਸਤਿਗੁਰਾਂ ਨੇ ਕਿਸੇ ਵੀ ਸਮਕਾਲੀ ਧਰਮ ਦੀ ਨਕਲ ਨਹੀਂ ਮਾਰੀ ਜਾਂ ਰੀਸ ਨਹੀਂ ਕੀਤੀ। ਜੋ ਉਹਨਾਂ ਨੂੰ ਧੁਰ ਤੋਂ ਹੁਕਮ ਹੋਇਆ, ਉਹ ਕਹਿ ਸੁਣਾਇਆ—

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੨੫॥੩੬॥
[ਰਾਮਕਲੀ ਮ: ੫, ਪੰਨਾ ੮੯੪

ਕੁਝ ਅੰਗਰੇਜ਼ ਵਿਦਵਾਨਾਂ ਨੇ, ਤੇ ਮਗਰੋਂ ਕੁਝ ਇਤਿਹਾਸਕਾਰਾਂ ਨੇ ਓਪਰੀ ਨਜ਼ਰੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਸ੍ਰੀ ਗੁਰੂ ਜੀ ਨੇ ਹਿੰਦੂ ਅਤੇ ਇਸਲਾਮ ਧਰਮ ਦੇ ਚੰਗੇ ਚੰਗੇ ਅਸੂਲਾਂ ਨੂੰ ਲੈ ਕੇ ਅਕਬਰ ਦੇ ਦੀਨੇ-ਇਲਾਹੀ ਵਾਂਗ ਨਵਾਂ ਦੀਨ ਕਾਇਮ ਕਰ ਲਿਆ। ਜੋ ਸਰਾਸਰ ਸ਼ਰਾਰਤ ਹੈ। ਸਤਿਗੁਰੂ ਜੀ ਨੇ ਨ ਤਾਂ ਵੇਦ ਨੂੰ ਤੇ ਨਾ ਹੀ ਕਤੇਬ ਨੂੰ ਪਰਮਾਣ ਮੰਨਿਆ ਹੈ। ਸਿਖ ਨੂੰ ਹਿੰਦੂ ਕਹਿਣਾ ਉਸ ਤਰ੍ਹਾਂ ਦੀ ਗਾਲ ਕਢਣ ਦੇ ਤੁਲ ਹੈ ਜਿਵੇਂ ਕਿਸੇ ਹਿਦੂ ਨੂੰ ਮੁਸਲਮਾਨ ਮਲੇਛ ਆਖਿਆ ਜਾਏ। ਸਿਖ ਨੂੰ ਇੰਜ ਆਖ ਕੇ ਕੇਵਲ ਸਿਖ ਦੀ ਹੀ ਨਹੀਂ, ਸਗੋਂ ਸਤਿਗੁਰਾਂ ਦੀ ਭੀ ਤੌਹੀਨ ਕਰਨਾ ਹੈ।

ਆਦਿ ਗੁਰਦੇਵ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਦਿਬ-ਦ੍ਰਿਸ਼ਟੀ ਨਾਲ ਇਹ ਵੇਖ ਲਿਆ ਸੀ ਕਿ ਭਾਰਤ ਦੀਆਂ ਦੋ ਪਰਮੁਖ ਧਰਮ-ਧਾਰਾਵਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਅਤੇ ਉਨ੍ਹਾਂ ਦੇ ਪਵਿਤਰ ਧਰਮ-ਗ੍ਰੰਥਾਂ ਨੂੰ ਸੀ ਅਕਾਲ ਪੁਰਖ ਜੀ ਦੇ ਸਰੂਪ ਦਾ ਤੱਤ-ਗਿਆਨ ਨਹੀਂ ਹੈ। ਇਸ਼ਾਰੇ ਨਾਲ, ਪਰ ਬੜੇ ਸਪਸ਼ਟ ਸ਼ਬਦਾਂ ਵਿਚ ਆਪ ਜੀ ਫ਼ੁਰਮਾਉਂਦੇ ਹਨ :—

ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
ਸਗਲੇ ਸੈਲ ਉਪਾਇ ਸਮਾਏ, ਅਲਖੁ ਨ ਲਖਣਾ ਜਾਈ ਹੇ ॥੬॥ [ਮਾਰੂ ਮ: ੧, ਪੰਨਾ ੧੦੨੧

ਇਸੇ ਵਿਚਾਰ ਦਾ ਕੁਝ ਵਿਸਥਾਰ ਦਿੰਦੇ ਹੋਏ ਗੁਰਦੇਵ ਜੀ ਦਾ ਇਕ ਸਲੋਕ ਹੈ :

ਬੇਦ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥
ਗਿਆਨੁ ਸਲਾਹੇ ਵਡਾ ਕਰਿ,ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ, ਦਰਗਹ ਪਾਈਐ ਥਾਉ ॥
ਬੇਦ ਵਪਾਰੀ ਗਿਆਨੁ ਰਾਸਿ, ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥
[ਸਾਰੰਗ ਕੀ ਵਾਰ ਮ: ੧, ਪੰਨਾ ੧੨੪੩

ਭਾਵ, ਬੇਦਾਂ ਵਿਚ ਪੁੰਨ ਪਾਪ ਅਤੇ ਉਹਨਾਂ ਤੋਂ ਉਤਪੰਨ ਹੋਏ ਸੁਰਗ ਨਰਕ ਦੀ ਵਿਚਾਰ ਹੀ ਇਹਨਾਂ ਦਾ ਪ੍ਰਮੁਖ ਵਿਸ਼ਾ ਹੈ। ਗਿਆਨ ਦੀ ਚਰਚਾ ਹੈ, ਪਰ ਇਨ੍ਹਾਂ ਵਿਚੋਂ ਇਹ ਉਪਦੇਸ਼ ਨਹੀਂ ਮਿਲਦਾ ਕਿ ਸਚੇ ਵਾਹਿਗੁਰੂ ਜੀ ਦਾ ਸੱਚਾ ਨਾਉਂ ਬੀਜਣ ਨਾਲ ਹੀ ਸੱਚ ਸਰੂਪ ਵਾਹਿਗੁਰੂ ਨਾਲ ਮੇਲ ਹੋ ਸਕਦਾ ਹੈ ਅਤੇ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ। ਇਹ ਨਿਸਚੇ ਹੈ ਕਿ ਜੋ ਕੁਝ ਕੋਈ ਬੀਜੇਗਾ ਓਹੋ ਕੁਝ ਹਾਸਲ ਕਰ ਸਕੇਗਾ। ਸਤਿਗੁਰੂ ਜੀ ਅੰਤ


www.AKJ.Org

ਫ਼ੈਸਲਾ ਸੁਣਾਂਦੇ ਹਨ ਕਿ ਨਾਮ ਦੀ ਸਚੀ ਰਾਸ-ਪੂੰਜੀ ਤੋਂ ਬਿਨਾਂ, ਕੋਈ ਕੁਝ ਨਹੀਂ ਲਿਜਾ ਸਕੇਗਾ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਾਹਿਬਾਂ ਦੇ ਉਪਰੋਕਤ ਸਲੋਕ ਦੀ ਉਸੇ ਹੀ ਪੰਨੇ ਤੇ ਵਿਆਖਿਆ ਕੀਤੀ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਸਾਹਿਬਾਨ ਦਾ ਮੁਢ ਤੋਂ ਹੀ ਬੇਦਾਂ ਪ੍ਰਤੀ ਕੀ ਦ੍ਰਿਸ਼ਟੀਕੋਣ ਸੀ—

> ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥
> ਦੇ ਦੇ ਲੈਣਾ, ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ ॥
> ਉਤਮ ਮਧਿਮ ਜਾਤੀ, ਜਿਨਸੀ, ਭਰਮਿ ਭਵੈ ਸੰਸਾਰੁ ॥
> [ਸਾਰੰਗ ਕੀ ਵਾਰ, ਸਲੋਕ ਮ: ੨, ਪੰਨਾ ੧੨੪੩

ਇਸ ਸਲੋਕ ਦੀਆਂ ਇਹਨਾਂ ਮੁਢਲੀਆਂ ਤਿੰਨ ਤੁਕਾਂ ਵਿਚ ਲੈਣ ਦੇਣ ਅਤੇ ਪੌਰਾਣਿਕ ਤੇ ਉਪਨਸ਼ਿਦਕ ਕਥਾ ਕਹਾਣੀਆਂ ਵਲ ਸੰਕੇਤ ਹੈ ਕਿ ਇਹ ਭੀ ਵੇਦਾਂ ਦੀ ਦੇਣ ਹੈ। ਤੱਤ-ਗਿਆਨ ਦਾ ਇਸ ਵਿਚ ਕਿਤੇ ਜ਼ਿਕਰ ਨਹੀਂ, ਨਾ ਹੀ ਤੱਤ ਨੂੰ ਪਛਾਨਣ ਜਾਂ ਉਸ ਵਲ ਧਾ ਕੇ ਜਤਨ ਕਰਨ ਲਈ ਪ੍ਰੇਰਨਾ ਹੈ। ਫਿਰ ਵੇਦਾਂ ਨੇ ਮਨੁਖਾਂ ਅੱਦਰ ਵੰਡੀਆਂ ਪਾਈਆਂ ਕੋਈ ਉਤਮ ਮੰਨਿਆ ਗਿਆ, ਕੋਈ ਮਧਮ ਜਾਤੀ-ਵੰਡ ਨੇ ਸਮੁਚੇ ਸਮਾਜ ਨੂੰ ਭਰਮ ਵਿਚ ਪਾ ਦਿਤਾ।

ਇਸੇ ਸਲੋਕ ਦੀਆਂ ਬਾਕੀ ਰਹਿੰਦੀਆਂ ਚਾਰ ਤੁਕਾਂ ਵਿਚ ਆਦਿ ਗੁਰੂ ਦੇਵ ਜੀ ਦੇ ਮਿਸ਼ਨ ਦੀ ਗੱਲ ਆਖੀ ਗਈ ਹੈ, ਕਿ ਕਿਵੇਂ ਸਤਿਗੁਰਾਂ ਨੇ ਵੇਦਾਂ ਦੀ ਅਨਿਕ ਪ੍ਰਕਾਰੀ ਕਰਮ-ਕ੍ਰਾਂਡੀ ਕਿਰਿਆ ਤੋਂ ਉਪਰ ਉਠ ਕੇ ਅੰਮ੍ਰਿਤ ਬਾਣੀ ਦੇ ਤਤ-ਗਿਆਨ ਧਿਆਨ ਨੂੰ ਰੁਸ਼ਨਾਇਆ ਹੈ—

> ਅੰਮ੍ਰਿਤ ਬਾਣੀ, ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ ॥
> ਗੁਰਮੁਖਿ ਆਖੀ, ਗੁਰਮੁਖਿ ਜਾਤੀ, ਸੁਰਤੀ ਕਰਮਿ ਧਿਆਈ ॥
> ਹੁਕਮੁ ਸਾਜਿ, ਹੁਕਮੈ ਵਿਚਿ ਰਖੈ, ਹੁਕਮੈ ਅੰਦਰਿ ਵੇਖੈ ॥
> ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥੧੬॥ (੧੨੪੩)

ਇਸ ਅੰਮ੍ਰਿਤ ਮਈ ਬਾਣੀ ਵਿਚ ਨਿਰੋਲ ਤੱਤ ਗਿਆਨ ਦੀ ਚਰਚਾ ਹੈ, ਪੁੰਨ ਪਾਪ ਦਾ ਇਥੇ ਵਪਾਰ ਨਹੀਂ ਹੁੰਦਾ। ਸਤਿਗੁਰੂ ਨਾਨਕ ਦੇਵ ਜੀ ਰਾਹੀਂ ਇਹ ਬਾਣੀ ਉਚਾਰਨ ਹੋਈ ਅਤੇ ਉਹਨਾਂ ਰਾਹੀਂ ਤੱਤ ਗਿਆਨ ਦੀ ਸੋਝੀ ਹੋਈ। ਸ਼ਬਦ-ਸੁਰਤਿ ਰਾਹੀਂ ਮਿਹਰ ਬਖਸ਼ਸ਼ ਸਦਕਾ ਪ੍ਰਭੂ ਨੂੰ ਧਿਆਈਦਾ ਹੈ। ਇਹ ਸਾਰਾ ਪਸਾਰਾ ਸ੍ਰੀ ਅਕਾਲ ਪੁਰਖ ਜੀ ਦੇ ਹੁਕਮ ਦਾ ਹੈ, ਅਤੇ ਕੇਵਲ ਉਸ ਨੂੰ ਹੀ ਦਰਗ਼ਾਹ ਵਿਚ ਥਾਂ ਮਿਲਦੀ ਹੈ ਜੋ ਹੁਕਮ ਦੀ ਖੇਡ ਨੂੰ ਸਮਝ ਲੈਂਦਾ ਹੈ ਤੇ ਉਸਦੀ ਹਉਮੈ ਮਿਟ ਜਾਂਦੀ ਹੈ।

ਉਪਰੋਕਤ ਵਿਚਾਰ ਤੋਂ ਬੇਦਾਂ ਦੀ ਵਿਚਾਰ ਦਾ ਪੱਧਰ ਸਪੱਸ਼ਟ ਹੁੰਦਾ ਹੈ, ਇਸ ਲਈ ਇਸ ਵਿਚ ਨਕਲ ਮਾਰਨ ਦੀ ਗੁੰਜਾਇਸ਼ ਕਿਤਨੀ ਕੁ ਹੈ, ਇਸ ਬਾਰੇ ਕੁਝ ਕਹਿਣ ਦੀ ਲੋੜ ਹੀ ਨਹੀਂ। ਦਸਵੇਂ ਪਾਤਸ਼ਾਹ ਨੇ ਬੜੇ ਜ਼ੋਰਦਾਰ ਢੰਗ ਨਾਲ ਫੁਰਮਾਇਆ ਹੈ :—

> ਕੋਟਿਕ ਇੰਦ੍ਰ ਕਰੇ ਜਿਹ ਕੇ, ਕਈ ਕੋਟਿ ਉਪਿੰਦ੍ਰ ਬਨਾਇ ਖਪਾਯੋ ॥
> ਦਾਨਵ ਦੇਵ ਫਨਿੰਦ ਧਰਾਧਰ, ਪੱਛ ਪਸੂ ਨਹਿ ਜਾਤ ਗਨਾਯੋ ॥
> ਆਜ ਲਗੇ ਤਪ ਸਾਧਤ ਹੈ ਸਿਵਊ ਬ੍ਰਹਮਾ ਕਛੁ ਪਾਰ ਨ ਪਾਯੋ ॥
> ਬੇਦ ਕਤੇਬ ਨ ਭੇਦ ਲਖਯੋ ਜਿਹ, ਸੋਊ ਗੁਰੂ ਗੁਰ ਮੋਹਿ ਬਤਾਯੋ ॥੧੭॥ [੩੩ ਸਵੱਯੇ ਪਾ: ੧੦

---

**ਪਾਠਕਾਂ ਪਾਸ ਬੇਨਤੀ :—** ਚਿਠੀ ਪੱਤਰ ਤੇ ਰਕਮ ਭੇਜਣ ਦੇ ਨਾਲ ਆਪਣਾ ਚਿੱਟ ਨੰਬਰ ਜ਼ਰੂਰ ਭੇਜੋ। ਹਰ ਮਹੀਨੇ ਤੁਹਾਡੇ ਐਡਰੈਸ ਤੋਂ ਪਹਿਲਾਂ ਪਰਚੇ ਉਪਰ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ।



www.AKJ.Org

# ਪੰਚਮ ਪਾਤਸ਼ਾਹ ਦੀ ਸ਼ਹੀਦੀ

[ਸ: ਪ੍ਰੀਤਮ ਸਿੰਘ ਜੀ ਅਣਜਾਣ, ਐਮ.ਏ. ਪੰਜਾਬੀ, ਜਲੰਧਰ]

'ਕਲਿਜੁਗਿ ਜਹਾਜੁ ਅਰਜੁਨੁ ਗੁਰੂ' ਦੀ ਸ਼ਹੀਦੀ ਕਿਨ੍ਹਾਂ ਕਾਰਨਾਂ ਕਰਕੇ ਹੋਈ, ਕਿਉਂ ਹੋਈ, ਕੌਣ ਜ਼ਿੰਮੇਵਾਰ ਸੀ ? ਹੱਥਲੇ ਲੇਖ ਵਿਚ ਇਹਨਾਂ ਪ੍ਰਸ਼ਨਾਂ ਨੂੰ ਵਿਚਾਰਨ ਦਾ ਯਤਨ ਨਹੀਂ ਕੀਤਾ ਗਿਆ। ਇਤਿਹਾਸਕ ਪਰਿਪੇਖ ਵਿਚ ਗੱਲ ਕਰਦਿਆਂ, ਇਹਨਾਂ ਪ੍ਰਸ਼ਨਾਂ ਦਾ ਉੱਤਰ, ਗੁਰੂ-ਵਿਰੋਧੀ ਅਨਸਰਾਂ ਦੀ ਅਸਲੀਅਤ ਉਘਾੜਨ ਤੇ ਪੜਛੇ ਲਾਹੁਣ ਲਈ ਖ਼ੂਬ ਵਿਸਥਾਰ ਸਹਿਤ ਬਿਆਨਿਆ ਜਾ ਸਕਦਾ ਹੈ।

ਇਥੇ ਕੇਵਲ ਸ਼ਹੀਦੀ ਦੇ ਇਸ ਨੁਕਤੇ ਨੂੰ ਧਿਆਨ-ਕੇਂਦਰਿਤ ਕਰਨ ਦਾ ਉੱਦਮ ਹੈ ਕਿ, ਇਹ ਸ਼ਹੀਦੀ ਹੋਈ ਤੇ ਇਸ ਦੀ ਸਾਰਥਕਤਾ ਕੀ ਹੈ ? ਗੁਰਮਤਿ ਧਾਰਾ ਦੇ ਲੰਮੇ ਪ੍ਰਵਾਹ ਵਿਚ ਇਸ ਸ਼ਹੀਦੀ ਨੇ ਗੁਰਮਤਿ ਤੱਤਸਾਰ ਨੂੰ ਅਮਲੀ ਪੂਰਨਿਆਂ ਰਾਹੀਂ ਕਿੰਜ ਨਿਖਾਰ ਕੇ ਲੋਕਾਈ ਸਾਹਮਣੇ ਪੇਸ਼ ਕੀਤਾ ?

ਉਪਰੋਕਤ ਪ੍ਰਸ਼ਨਾਂ ਦੇ ਉੱਤਰ ਵਿਚ ਹੇਠ ਲਿਖੀ ਪੰਕਤੀ ਨੂੰ ਸਾਹਮਣੇ ਰੱਖਣਾ ਜ਼ਰੂਰੀ ਹੈ :—

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ [ਆਸਾ ਮ: ੫, ਪੰਨਾ ੩੯੪

ਪੰਚਮ ਪਾਤਸ਼ਾਹ ਦੀ ਉਚਾਰੀ ਹੋਈ ਇਹ ਪੰਗਤੀ ਅਸਲੋਂ ਹੀ ਗੁਰਮਤਿ ਦੇ ਤੱਤਸਾਰ ਨੂੰ ਆਪਣੇ ਆਪ ਵਿਚ ਸਮੋਈ ਬੈਠੀ ਹੈ। ਮਾਨਸ-ਜੀਵ ਦੀ ਨਾੜੂ ਕੱਟਣ ਤੋਂ ਲੈ ਕੇ ਮਰਨ ਤਕ ਦੀ ਸੰਸਾਰ-ਯਾਤਰਾ ਅਜਿਹੀ ਹੈ, ਜਿਸ ਦਾ ਆਦਿ ਤੇ ਅੰਤ ਦੁੱਖ ਭਰੀ ਚੀਕ ਨਾਲ ਹੁੰਦਾ ਹੈ। ਇਸ ਯਾਤਰਾ ਦੇ ਦੌਰਾਨ ਜਦੋਂ ਵੀ ਇਨਸਾਨ ਨੂੰ ਆਪਣੀਆਂ ਇੱਛਾਵਾਂ ਅਨੁਕੂਲ ਮੌਕਾ, ਸਥਾਨ ਜਾਂ ਵਸਤ ਹਾਸਲ ਹੁੰਦੀ ਹੈ ਤਾਂ ਉਹ ਖੁਸ਼ ਹੁੰਦਾ ਹੈ। ਪਰ ਜਦੋਂ ਇੱਛਾਵਾਂ ਦੀ ਅਪੂਰਤੀ ਜਾਂ ਅਤ੍ਰਿਪਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਦੁੱਖੀ ਹੁੰਦਾ ਹੈ, ਰੋਂਦਾ ਹੈ, ਕੁਰਲਾਂਦਾ ਹੈ। ਇਸ ਤਰ੍ਹਾਂ ਦੁੱਖ ਵਿਚ ਸੋਗ ਤੇ ਸੁਖ ਵਿਚ ਹਰਖ ਮਨਾਉਣਾ ਸਾਰੇ ਜੀਵਾਂ ਦਾ ਸਰਬਵਿਆਪੀ ਕੰਮ ਹੈ।

ਪਰ ਇਨਸਾਨ ਅਜਿਹੇ ਦੁਖ-ਸੁਖ ਦੇ ਸਨਮੁਖ ਹੋ ਕੇ ਹਰਖ-ਸੋਗ ਦਾ ਅਹਿਸਾਸ ਕਿਉਂ ਕਰਦਾ ਹੈ ? ਇਸ ਦਾ ਉਤਰ ਢੂੰਡਣਾ ਬਣਦਾ ਹੈ। ਕਾਰਨ ਇਹ ਹੈ ਕਿ ਗੁਰਮਤਿ ਦੇ ਦ੍ਰਿੜ੍ਹਾਏ ਸੰਕਲਪ 'ਆਤਮਾ, ਪ੍ਰਮਾਤਮਾ ਦੀ ਅੰਸ਼ ਹੈ' ਨੂੰ ਜਦ ਇਨਸਾਨ ਵਿਸਾਰ ਕੇ ਆਪਣੀ ਨਿਰਪੇਖ ਹੋਂਦ ਦੇ ਅਹਿਸਾਸ ਹਿਤ ਕਰਮ ਕਰਦਾ ਹੈ ਤਾਂ ਅਜਿਹਾ ਹਰਖ-ਸੋਗ ਉਪਜਣਾ ਸੁਭਾਵਕ ਹੀ ਹੈ। ਪਰ ਗੁਰਮਤਿ ਅਨੁਸਾਰ ਬ੍ਰਹਮੰਡ ਦਾ ਸਾਰਾ ਕਾਰ-ਵਿਹਾਰ ਪ੍ਰਭੂ ਪ੍ਰਮਾਤਮਾ ਦੇ ਹੁਕਮ ਅਨੁਸਾਰ ਚਲ ਰਿਹਾ ਹੈ। ਇਸ ਵਿਚ ਮਾਨਸ ਜੀਵਾਂ ਦੀ ਗਤੀਸ਼ੀਲਤਾ ਵੀ 'ਹੁਕਮ' ਦੇ ਤਹਿਤ ਹੀ ਹੈ। ਇਸ ਤਰ੍ਹਾਂ 'ਹੁਕਮ' ਦਾ ਸੰਕਲਪ ਹੀ ਅਜਿਹਾ ਹੈ ਜਿਸ ਦੀ ਸਿਕਦਾਰੀ ਨੂੰ ਮੰਨਦਿਆਂ 'ਤੇਰਾ ਕੀਆ ਮੀਠਾ ਲਾਗੈ' ਵਾਲੀ ਅਵਸਥਾ ਵਲ ਅਗਾਂਹ ਵਧਿਆ ਜਾ ਸਕਦਾ ਹੈ।

ਜਦੋਂ ਇਹ ਮੰਨ ਲਿਆ ਕਿ "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ" ਤਾਂ ਨਰ, "ਦੁਖ ਮਹਿ ਦੁਖੁ ਨਹੀ ਮਾਨੈ" ਵਾਲੀ ਅਵਸਥਾ ਨੂੰ ਗ੍ਰਹਿਣ ਕਰਨ ਦੇ ਕਾਬਲ ਹੋ ਸਕਦਾ ਹੈ। ਅਜਿਹੀ ਕਾਬਲੀਅਤ ਹਾਸਲ ਕਰਨ ਲਈ ਹੀ ਗੁਰਬਾਣੀ ਥਾਂ-ਪਰ-ਥਾਂ ਅਜਿਹਾ ਬਿਆਨਦੀ ਹੈ :

(ੳ) ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ ਕਤ ਰਮਤੈ ॥੨॥੩॥੨੨॥
[ਕਾਨੜਾ ਮ: ੫, ਪੰਨਾ ੧੩੦੨

(ਅ) ਸੋਗੁ ਹਰਖੁ ਦੁਇ ਸਮ ਕਰਿ ਜਾਣੈ...... [ਆਸਾ ਮ: ੩, ਪੰਨਾ ੩੬੩

(ੲ) ਹਰਖ ਸੋਗ ਤੇ ਰਹੈ ਅਤੀਤਾ...... [ਗਉੜੀ ਮ: ੯, ਪੰਨਾ ੨੧੯



www.AKJ.Org

(ਸ) ਹਰਖ ਸੋਗ ਤੇ ਰਹੈ ਅਤੀਤਾ...... [ਧਨਾਸਰੀ ਮ: ੯, ਪੰਨਾ ੬੮੫

'ਉਦਕਰਖ'-ਕਰਮ ਰਾਹੀਂ 'ਪ੍ਰਜਾ ਧਰਤਿ' ਦੇ ਇਸ ਦ੍ਰਿਸ਼ਟਮਾਨ ਪਾਸਾਰੇ ਦੀ ਬਿਰਤੀ ਅਥਵਾ ਸੁਭਾਅ ਹੀ ਅਜਿਹਾ ਹੈ ਕਿ ਇਹ ਸਾਰਾ ਕੁੱਝ ਇਕ ਤਰ੍ਹਾਂ ਨਾਲ ਵਿਰੋਧਾਭਾਸਾਂ ਦਾ ਸਮੂਹ ਹੈ। ਜੇ ਦਿਨ ਹੈ ਤਾਂ ਇਸ ਦੇ ਵਿਰੋਧ ਵਿਚ ਰਾਤ ਹੈ, ਚਾਨਣ ਹੈ ਤਾਂ ਵਿਰੋਧ ਵਿਚ ਹਨੇਰਾ ਵੀ ਹੈ। ਇਸੇ ਤਰ੍ਹਾਂ ਮਨੁੱਖਾ-ਜੀਵਨ ਵਿਚ ਸੁਖ ਦੇ ਵਿਰੋਧ ਵਿਚ ਦੁਖ ਦੀ ਵਿਦਮਾਨਤਾ ਪਾਈ ਜਾਂਦੀ ਹੈ। ਹਰ ਪ੍ਰਕਾਰ ਦੀਆਂ ਵਿਰੋਧੀ ਸਥਿਤੀਆਂ ਨੂੰ ਸਮ ਕਰ ਜਾਨਣ ਦਾ ਕਰਮ ਅਸਲ ਵਿਚ ਜ਼ਿੰਦਗੀ ਨੂੰ ਸਮਤੋਲ ਵਿਚ ਰੱਖਣ ਦਾ ਆਹਰ ਹੈ, Balanced Life (ਸਮਤੋਲ ਜੀਵਨ) ਜੀਊ ਸਕਣ ਦਾ ਯਤਨ ਹੈ। ਇਕ ਪਰਮ-ਧਰਮ "ਨਾਮੀ ਦੀ ਉਸਤਤ ਕਰਨ" ਨੂੰ ਲੈ ਕੇ ਇਸ ਸਮੱਗਰ ਗੁਰਬਾਣੀ ਦਾ ਰਚਨਾ ਸਮਤੋਲ ਜੀਵਨ ਬਤੀਤ ਕਰਨ ਦੀਆਂ ਜੁਗਤਾਂ ਨੂੰ ਵਿਸਤਾਰਨ ਲਈ ਹੋਈ ਹੈ। ਇਹਨਾਂ ਜੁਗਤਾਂ ਨੂੰ ਗੁਰੂ ਕੀ ਸਿੱਖ ਅਸੂਲਾਂ ਵਜੋਂ ਅਥਵਾ ਉਪਦੇਸ਼/ਗੁਰ-ਉਪਦੇਸ਼ ਜਾਣ ਕੇ ਸਵੀਕਾਰਦਾ ਹੈ। ਇਸੇ ਲਈ ਹੀ–

"ਸਤਿਗੁਰ ਕੀ ਬਾਨੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ"...(੩੦੮) ਦਾ ਹੁਕਮ ਵੀ ਕੀਤਾ ਗਿਆ ਹੈ। ਤੇ ਗੁਰੂ ਕੇ ਸਿਖ ਜਾਣਦੇ ਹਨ ਕਿ "ਜੋ ਗੁਰ ਕਹੈ ਸੋਈ ਭਲ" ਮੰਨਣ ਵਿਚ ਹੀ ਜੀਵ ਦਾ ਨਿਸਤਾਰਾ ਹੈ।

ਉਪਰੋਕਤ ਵਰਣਿਤ ਗੁਰ-ਉਪਦੇਸ਼/ਆਗਿਆ/ਬਚਨ ਨੂੰ ਸਤਿ ਸਤਿ ਕਰ ਜਾਨਣ ਦੇ ਨੁਕਤੇ ਨੂੰ ਵਿਚਾਰਦਿਆਂ ਹੀ ਹੁਣ ਮਨ ਵਿਚ ਇਹ ਪ੍ਰਸ਼ਨ ਉੱਠਦਾ ਹੈ ਕਿ ਗੁਰੂ ਸਿਰਫ਼ ਉਪਦੇਸ਼ਕ ਹੀ ਹੈ? ਸਿੱਖਾਂ ਨੂੰ ਹੀ ਅਜਿਹਾ ਕਰਨ ਲਈ ਕਹਿੰਦਾ ਹੈ ਜਾਂ ਖ਼ੁਦ ਵੀ ਉਵੇਂ ਜੀਵਨ ਬਤੀਤ ਕਰਦਾ ਹੈ? ਇਹੀ ਮੁੱਖ ਪ੍ਰਸ਼ਨ ਹਨ ਜਿਨ੍ਹਾਂ ਦੀ ਰੋਸ਼ਨੀ ਵਿਚ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਸਾਕੇ ਦੀ ਸਾਰਥਕਤਾ ਨੂੰ ਭਲੀ ਭਾਂਤ ਵੇਖਿਆ ਜਾ ਸਕਦਾ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਤਿਹਾਸ ਵਿਚ ਇਕ ਅਜਿਹਾ ਵਾਕਿਆ ਹੈ ਜਿਸ ਦੀ ਬਾਬਤ ਨਿਰਸੰਕੋਚ ਇਹ ਕਿਹਾ ਜਾ ਸਕਦਾ ਹੈ ਕਿ–

**"ਇਹ ਸ਼ਹੀਦੀ, ਗੁਰ-ਉਪਦੇਸ਼ ਦਾ ਗੁਰ-ਅਮਲ ਰਾਹੀਂ ਸਾਖਸ਼ਾਤ ਹੋਣਾ ਹੈ।"**

ਦੱਸਾਂ ਹੀ ਗੁਰੂ ਜਾਮਿਆਂ ਦੀ ਇਹ ਵਿਧੀ ਰਹੀ ਹੈ ਕਿ ਉਹ–ਅਵਰਿ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥ (੨੬੯) ਵਾਲੇ ਗੁਰਮਤਿ ਸਿਧਾਂਤ ਨੂੰ ਲੋਕਾਂ ਵਾਸਤੇ ਹੀ ਨਹੀਂ ਪ੍ਰਚਾਰਦੇ ਰਹੇ, ਸਗੋਂ ਉਨ੍ਹਾਂ ਨੇ ਇਸ ਸਿਧਾਂਤ ਨੂੰ ਆਪਣੇ ਉਪਰ ਵੀ ਲਾਗੂ ਕਰ ਕੇ ਵਿਖਾਇਆ ਹੈ। ਉਹ ਹਰ ਉਪਦੇਸ਼ ਦੇ, ਪਹਿਲਾਂ ਖ਼ੁਦ ਧਾਰਨੀ ਹੋ ਕੇ ਤੇ ਉਸ ਉੱਪਰ ਅਮਲ ਕਰ ਕੇ ਦੱਸਦੇ ਸਨ। ਸਾਧਾਰਨ ਮਨੁੱਖ ਦੀ ਇਹ ਬਿਰਤੀ ਹੈ ਕਿ, ਉਸ ਨੂੰ ਜਦੋਂ ਵੀ ਕੋਈ ਕੰਮ ਕਰਨ ਜਾਂ ਨਾ ਕਰਨ ਲਈ ਉਪਦੇਸ਼ਿਆ ਜਾਵੇ ਤਾਂ ਉਹ ਝੱਟ ਹੀ ਉਸ ਗੱਲ ਨੂੰ ਉਪਦੇਸ਼-ਕਰਤਾ ਦੇ ਜੀਵਨ-ਅਮਲ ਵਿਚੋਂ ਢੂੰਡਣ ਲਗ ਪੈਂਦਾ ਹੈ। ਗੁਰੂ ਸਾਹਿਬਾਨ ਨੂੰ ਆਮ ਜੀਵਾਂ ਦੀ ਇਸ ਬਿਰਤੀ ਦਾ ਭਲੀਭਾਂਤ ਗਿਆਨ ਸੀ। ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਇਸ ਸਾਕੇ ਨੂੰ ਇਸ ਸੰਦਰਭ ਵਿਚ ਵਧੇਰੇ ਸਪਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ।

ਕੀ ਹੋਰਨਾਂ ਰਿਧਾਂ, ਸਿਧਾਂ, ਪੀਰਾਂ, ਪੈਗੰਬਰਾਂ, ਅਵਤਾਰਾਂ ਵਾਂਗ ਗੁਰੂ ਅਰਜਨ ਦੇਵ ਜੀ ਘੱਟ ਅਲੌਕਿਕ ਸ਼ਕਤੀਆਂ ਦੇ ਮਾਲਕ ਸਨ? ਨਹੀਂ, ਸਗੋਂ ਜਿਥੇ ਬਾਕੀ ਅਵਤਾਰ ਗਿਣਤੀ ਦੀਆਂ ਕਲਾਂ ਦੇ ਸਮਰਥ ਸਨ, ਉਥੇ ਨਾਨਕ-ਜੋਤਿ ਦੇ ਸਭੇ ਜਾਮੇ 'ਸਰਬ ਕਲਾ ਸਮਰਥ ਗੁਰਦੇਵ' ਸਨ। ਤਦ ਪ੍ਰਸ਼ਨ ਉੱਠਦਾ ਹੈ ਕਿ ਜਦ ਪੰਚਮ ਪਾਤਾਹਸ਼ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀਆਂ ਤਵੀਆਂ ਤੇ ਉਬਲਦੀਆਂ ਦੇਗਾਂ ਦੇ ਤਸੀਹੇ ਦੇਣ ਦੀ ਘਟਨਾ ਵਾਪਰੀ ਤਾਂ ਸਰਬ ਕਲਾ ਸਮਰਥ ਗੁਰੂਦੇਵ ਨੇ ਆਪਣੀ ਕਲਾ ਵਰਤਾ ਕੇ ਇਸ ਸਭ ਕੁਝ ਨੂੰ ਨਿਰਅਸਰ ਕਿਉਂ ਨ ਬਣਾ ਦਿੱਤਾ? ਟਕੇ ਟਕੇ ਦੇ ਚੰਦੂ ਤੇ ਜ਼ਾਲਮ ਬਾਦਸ਼ਾਹ ਜਹਾਂਗੀਰ ਨੂੰ ਮੁੜਵਾਂ ਉਤਰ ਕਿਉਂ ਨਾ ਦੇ ਕੇ ਮਜ਼ਾ ਚਖਾ ਦਿੱਤਾ? ਇਹ ਪ੍ਰਸ਼ਨ ਬੜੇ ਸਹਿਵਨ ਤੇ ਨਾਸਤਕ ਬਿਰਤੀਆਂ ਲਈ ਖ਼ਾਸ ਮਹੱਤਵ ਵਾਲੇ ਹਨ। ਪਰ ਇਹਨਾਂ ਦੇ ਜਵਾਬ ਵਿਚ ਬਾਣੀ ਵਿਚੋਂ ਹੀ ਸਾਡੇ ਪਾਸ ਠੋਸ ਦਲੀਲਾਂ ਵਿਦਮਾਨ ਹਨ:

੧. ਜਦ ਗੁਰੂ ਸਾਹਿਬਾਨ ਇਕ ਪਾਸੇ ਤਾਂ "ਹੁਕਮਿ ਰਜਾਈ ਚਲਣਾ" ਵਾਲੇ ਸਿਧਾਂਤ ਦੀ ਸਥਾਪਨਾ ਕਰਦੇ



www.AKJ.Org

ਹਨ ਤਾਂ ਦੂਜੇ ਪਾਸੇ ਜੇ ਵਾਪਰ ਰਹੇ ਭਾਣੇ ਨੂੰ ਆਪਣੀ ਸ਼ਕਤੀ ਰਾਹੀਂ ਨਿਸਫਲ ਬਣਾਉਣ ਦਾ ਯਤਨ ਕਰਨ ਤਾਂ ਇਹ ਵਾਹਿਗੁਰੂ ਦੇ ਹੁਕਮ ਵਿਚ ਵਿਘਨ ਪਾ ਕੇ ਸਥਾਪਤ ਕੀਤੇ ਸਿਧਾਂਤ ਨੂੰ ਨਕਾਰਨ ਵਾਲੀ ਗੱਲ ਬਣ ਜਾਂਦੀ ਹੈ। ਇਸੇ ਸਿਧਾਂਤ ਨੂੰ ਮੁੱਖ ਰੱਖਦਿਆਂ ਹੋਇਆਂ ਹੀ ਗੁਰੂ ਜੀ ਨੇ ਅਕਹਿ ਤੇ ਅਸਹਿ ਕਸ਼ਟ ਸਹਾਰਦਿਆਂ ਹੋਇਆਂ ਸ਼ਹੀਦੀ ਦਿੱਤੀ। ਔਰ ਇਸੇ ਵਜਹ ਕਰਕੇ ਹੀ ਮੀਆਂ ਮੀਰ ਜੀ ਨੂੰ ਵੀ ਕੁਝ ਕਰਨੋਂ ਰੋਕ ਦਿੱਤਾ ਤੇ ਮਿੱਠੀ ਧੁਨ ਵਿਚ ਉਚਾਰਿਆ :— "ਤੇਰਾ ਕੀਆ ਮੀਠਾ ਲਾਗੈ......

੨. ਪਰ ਹੁਣ ਇਸੇ ਦਲੀਲ ਦਾ ਦੂਜਾ ਪਾਸਾ ਵੇਖੋ, ਗੁਰੂ ਸਾਹਿਬ ਨੇ ਸ਼ਹੀਦੀ ਦਿੱਤੀ, ਕਰਾਮਾਤ ਨਹੀਂ ਵਿਖਾਈ, ਅਲੌਕਿਕ-ਸ਼ਕਤੀ ਦਾ ਇਸਤਿਮਾਲ ਨਹੀਂ ਕੀਤਾ। ਨਾ ਖ਼ੁਦ ਇਸਤਿਮਾਲ ਕੀਤਾ ਤੇ ਨਾ ਹੀ ਮੀਆਂ ਮੀਰ ਜੀ ਨੂੰ ਹੀ ਕਰਨ ਦੀ ਆਗਿਆ ਦਿਤੀ। ਤਦ ਕੀਤਾ ਕੀ ? ਤੱਤੀਆਂ ਲਾਲ ਤੱਵੀਆ ਤੇ ਬੈਠੇ, ਉਬਲਦੀਆਂ ਦੇਗਾਂ ਵਿਚ ਬੈਠੇ, ਪਿੰਡੇ 'ਤੇ ਗਰਮ ਸੜਦਾ ਰੇਤਾ ਪੁਆਇਆ, ਸਰੀਰ ਛਾਲੇ-ਛਾਲੀ ਹੋਇ ਗਇਆ, ਗਰਮ-ਸਰਦ ਦਾ ਪ੍ਰਤੀਕਰਮ ਕਰਨ ਲਈ ਛਾਲੋ-ਛਾਲੀ ਸਰੀਰ ਨੂੰ ਦਰਿਆ ਵਿਚ ਲਿਜਾਇਆ ਗਿਆ। ਧੰਨ ਗੁਰੂ ! ਧੰਨ ਗੁਰੂ ! ਧੰਨ ਗੁਰਦੇਵ !!! ਪਰ, ਕੀ ਇਤਿਹਾਸ, ਤੇ ਕੀ ਹੋਰ ਸਾਹਿਤਕ ਸਰੋਤ, ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਗੁਰਦੇਵ ਜੀ ਨੇ ਇਤਨੇ ਕਸ਼ਟ ਸਹਾਰਦਿਆਂ ਮੂੰਹੋਂ 'ਸੀ' ਨਹੀਂ ਉਚਰੀ। ਤਾਂ ਕੀ ਇਹ ਕਰਾਮਾਤ ਤੋਂ ਘੱਟ ਗੱਲ ਸਮਝਣੀ ਚਾਹੀਏ ? ਕੋਈ ਹੋਰ ਮਨੁੱਖਾ ਜੀਵ ਅਜਿਹਾ ਕਰਕੇ ਤਾਂ ਦਿਖਾਏ ? ਸਰੀਰ ਅੱਗ ਨਾਲ ਤਰ੍ਹਾਂ ਤਰ੍ਹਾਂ ਲੂਹਿਆ ਗਿਆ ਹੋਵੇ ਤੇ ਅਜਿਹੀ ਮਧੁਰ ਧੁਨ ਕੋਈ ਉਚਰ ਕੇ ਤਾਂ ਦੱਸੇ—

"ਤੇਰਾ ਕੀਆ ਮੀਠਾ ਲਾਗੈ......

ਵੈਰੀ ਨੂੰ ਆਪਣੀ ਸ਼ਕਤੀ ਨਾਲ ਪਰਾਜਤ ਕਰਨਾ ਤੇ ਵੈਰੀ ਦੇ ਵਾਰ ਨੂੰ ਪਾ ਕੇ ਵੀ ਸਾਬਤ ਸਬੂਤ ਰਹਿਣਾ, ਢੱਠਣਾ ਨ—ਇਹ ਦੋਨੋਂ ਬਹਾਦੁਰੀ ਦੇ ਕਰਮ ਹਨ। ਵੈਰੀ ਦੇ ਵਾਰ ਨੂੰ ਸਹਿ ਕੇ ਸਾਬਤ ਰਹਿਣ ਵਿਚ ਵੀ ਸ਼ਕਤੀ ਦਾ ਪ੍ਰਯੋਗ ਹੋਇਆ ਹੈ। ਜਹਾਂਗੀਰ ਦੇ ਵੇਲੇ ਗੁਰੂ ਜੀ ਨੇ ਦੂਸਰੀ ਭਾਂਤ ਦੀ (ਸਹਿ ਜਾਣ ਵਾਲੀ) ਸ਼ਕਤੀ ਦਾ ਚਮਤਕਾਰ ਦਿਖਾਇਆ ਹੈ, ਜੋ ਕਿ ਤੱਤਕਾਲੀ ਸਮੇਂ, ਸਥਾਨ ਤੇ ਕਾਰਨਾਂ ਦੇ ਐਨ ਅਨੁਕੂਲ ਸੀ। ਜਦ ਸਮੇਂ, ਸਥਾਨ ਤੇ ਕਾਰਜ ਦਾ ਸੰਦਰਭ ਬਦਲਿਆ, ਇਕ ਭਾਂਤ ਦੇ ਪੂਰਨੇ ਪਾ ਹਟੇ, ਤਾਂ ਛੇਵੇਂ ਤੋਂ ਦਸਵੇਂ ਜਾਮੇ ਵਿਚ ਆ ਕੇ ਤੇਗ ਵੀ ਇਹਨਾਂ ਸਤਿਗੁਰੂ ਸਾਹਿਬਾਨ ਨੇ ਹੀ ਫੜੀ, ਤੇ ਉਥੇ ਦੂਜੀ ਭਾਂਤ ਦੀ ਸ਼ਕਤੀ ਦੇ ਬਦਲ ਵਜੋਂ ਪਹਿਲੀ ਭਾਂਤ ਦੀ ਸ਼ਕਤੀ ਦਾ ਚਮਤਕਾਰ ਦਿਖਾਇਆ।

ਹਾਂ, ਅਸੀਂ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਦੀ ਗੱਲ ਕਰ ਰਹੇ ਸਾਂ। ਚਮਤਕਾਰ ਵਿਖਾਉਣ ਜਾਂ ਨਾ ਵਿਖਾਉਣ ਦੀ ਦਲੀਲ ਦੇ ਦੋਹਾਂ ਪਹਿਲੂਆਂ ਨੂੰ ਵਿਚਾਰਦਿਆਂ ਹੁਣ "ਤੇਰਾ ਕੀਆ ਮੀਠਾ ਲਾਗੈ" ਵਾਲੀ ਪੰਗਤੀ ਦੇ ਦੂਜੇ ਅੱਧ ਨੂੰ ਦ੍ਰਿਸ਼ਟੀ-ਗੋਚਰ ਕਰਨਾ ਬਣਦਾ ਹੈ :

ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥

ਉਪਰ ਆਪਾਂ ਜਿਨ੍ਹਾਂ ਦੋ ਭਾਂਤ ਦੀਆਂ ਚਮਤਕਾਰੀ ਸ਼ਕਤੀਆਂ ਬਾਰੇ ਜ਼ਿਕਰ ਕੀਤਾ ਹੈ, ਉਹਨਾਂ ਦੋਹਾਂ ਦਾ ਸੋਮਾ ਇਹ "ਨਾਮੁ ਪਦਾਰਥੁ" ਹੀ ਤਾਂ ਹੈ ! ਇਸ ਅੱਧੀ ਪੰਕਤੀ ਦੇ ਉਚਾਰਨ ਨਾਲ ਪਾਤਸ਼ਾਹ ਨੇ 'ਮਿੱਠਾ ਕਰਕੇ ਮੰਨਣ' ਦੇ ਉਪਦੇਸ਼ ਦੀ ਪੂਰਤੀ ਦੇ ਸਾਧਨ ਤੇ ਮਾਰਗ ਨੂੰ ਬਿਆਨਿਆ ਹੈ, ਕਿ ਕਿਸ ਸਾਧਨ ਕਰਕੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਜਾ ਸਕਦਾ ਹੈ ?

ਬ੍ਰਹਮੰਡ ਦੇ ਪਸਾਰੇ ਦੇ ਮੂਲ ਵਿਚ ਇਕ ਸ਼ਕਤੀ ਦੀ ਵਿਦਮਾਨਤਾ, ਗੁਰਬਾਣੀ ਨੇ ਸਪਸ਼ਟ ਰੂਪ ਵਿਚ ਸਵੀਕਾਰੀ ਹੈ, ਜਿਸਦਾ ਮਾਲਕ ਅਦ੍ਰਿਸ਼ਟ, ਅਗੋਚਰ, ਪਾਰਬ੍ਰਹਮ, ਵਾਹਿਗੁਰੂ ਆਪ ਹੈ। ਹਰ ਪ੍ਰਕਾਰ ਦੀ ਸ਼ਕਤੀ ਦਾ ਖਜ਼ਾਨਾ ਵਾਹਿਗੁਰੂ ਜੀ ਪਾਸ ਵਿਦਮਾਨ ਹੈ, ਉਹ ਕਰਨਹਾਰ ਹੈ। ਗੁਰਬਾਣੀ ਅਨੁਸਾਰ, ਵਾਹਿਗੁਰੂ ਅਥਵਾ ਕਰਨਹਾਰ ਜਾਂ ਨਾਮੀ ਤੇ ਨਾਮ ਅਭੇਦ ਹਨ। ਪ੍ਰਮਾਤਮਾ ਨਾਮੀ ਹੈ। ਕਿਸੇ ਵੀ ਆਤਮਾ ਨੇ ਜੇ ਕਿਸੇ ਪ੍ਰਕਾਰ ਦੀ ਨਿਰਗੁਣ ਸ਼ਕਤੀ ਗ੍ਰਹਿਣ ਕਰਨੀ ਹੈ ਤਾਂ 'ਨਾਮੀ' ਦਾ 'ਨਾਮ' ਲੈ ਕੇ (ਬਾਰੰਬਾਰ ਸਿਮਰ ਕੇ) ਉਸ ਨੂੰ ਰੀਝਾਉਣ ਦਾ ਉੱਦਮ



www.AKJ.Org

ਧਾਰਨ ਕਰਨਾ ਪਰਮ-ਲਾਜ਼ਮੀ ਸ਼ਰਤ ਹੈ। ਇਸੇ ਸ਼ਰਤ ਨੂੰ ਨਿਭਾਂਦਿਆਂ ਹੀ ਨਾਮ-ਲੇਵਾ ਤਰ੍ਹਾਂ ਤਰ੍ਹਾਂ ਦੀਆਂ ਸ਼ਕਤੀਆਂ ਦਾ ਧਾਰਨੀ ਬਣ ਜਾਂਦਾ ਹੈ। ਜਿਨ੍ਹਾਂ ਵਿਚੋਂ ਉਪਰੋਕਤ ਵਰਣਿਤ ਦੋ ਭਾਂਤ ਦੀਆਂ ਸ਼ਕਤੀਆਂ ਪ੍ਰਮੁੱਖ ਹਨ। ਇਹਨਾਂ ਸ਼ਕਤੀਆਂ ਦੀ ਤੁਫ਼ੈਲ ਹੀ ਜ਼ਿੰਦਗੀ ਵਿਚ ਸੰਤੁਲਨ ਕਾਇਮ ਕੀਤਾ ਜਾ ਸਕਦਾ ਹੈ। ਹਰ ਹਾਲ ਨਾਮੀ ਦਾ ਨਾਮ-ਸਿਮਰਨ ਹੀ ਸਰਬ-ਪ੍ਰਕਾਰੀ ਸ਼ਕਤੀਆਂ ਦਾ ਮੂਲ ਸੋਮਾ ਹੈ।

ਜ਼ਿੰਦਗੀ ਦੇ ਅਨਿਕ ਪ੍ਰਕਾਰੀ ਉਤਾਰ ਚੜ੍ਹਾਅ ਨਾਮ-ਪਦਾਰਥ-ਆਧਾਰੀ-ਜਨਾਂ ਦੇ ਮਾਨਸਿਕ ਸੰਤੁਲਨ ਨੂੰ ਭੰਗ ਨਹੀਂ ਕਰ ਸਕਦੇ। ਤੇ ਇਹ ਹੀ ਉਸ ਪ੍ਰਮਾਤਮਾ ਦੇ ਹੁਕਮ ਅੰਦਰਿ ਵਾਪਰ ਰਹੀ ਖੇਡ ਨੂੰ ਅਨੰਦਚਿਤ ਹੋ ਕੇ ਸਵੀਕਾਰਨਾ ਹੈ—

ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ, ਘਾਸੀ ਕਉ ਹਰਿ ਨਾਮਿ ਕਢਾਈ ॥ [ਗਉੜੀ ਮ: ੪, ਪੰਨਾ ੧੬੬

ਤਥਾ :—ਜੋ ਰਾਜੁ ਦੇਹਿ ਤ ਕਵਨ ਬਡਾਈ ॥ ਜੋ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥

[ਗੂਜਰੀ ਨਾਮਦੇਵ ਜੀ, ਪੰਨਾ ੫੨੫

ਅਥਵਾ :—ਜੇ ਭੁਖ ਦੇਹਿ ਤਾ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ ॥ [ਸੂਹੀ ਅਸਟ ਮ: ੪, ਪੰਨਾ ੭੫੭

ਪੰਚਮ ਪਾਤਸ਼ਾਹ ਦੀ ਸ਼ਹੀਦੀ ਤਾਂ ਇਨ੍ਹਾਂ ਸਤਰਾਂ ਦੇ ਭਾਵ ਨੂੰ ਪ੍ਰੌੜ ਕਰਨ ਲਈ ਇਕ ਲਾਸਾਨੀ ਤੇ ਅਦੁੱਤੀ ਮਿਸਾਲ ਹੈ। ਕਿਆ ਖ਼ੂਬ ਪਾਲਣਾ ਕੀਤੀ "ਦੁਖ ਵਿਚਿ ਸੂਖ ਮਨਾਈ" ਵਾਲੇ ਧੁਰਿ ਕੀ ਬਾਣੀ ਦੇ ਹੁਕਮਾਂ ਦੀ। ਆਪੇ ਹੀ ਦ੍ਰਿੜ੍ਹਾਏ ਅਸੂਲਾਂ ਦੀ ਸਵੈ-ਅਮਲ ਰਾਹੀਂ ਪ੍ਰੌੜ੍ਹਤਾ ਦੀ ਐਸੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ, ਜਿਥੇ ਤੱਤੀਆਂ ਤਵੀਆਂ ਉਤੇ ਸ਼ਾਂਤ ਤੇ ਅਡੋਲ ਮੂਰਤ ਹੋ ਕੇ ਕੋਈ ਬੈਠਾ ਹੋਵੇ। ਤੇ 'ਨਾਮ ਪਦਾਰਥ' ਦਾ ਮੰਗਣਾ ਮੰਗਿਆ ਹੋਵੇ, ਜਿਸ ਦੀ ਤੁਫ਼ੈਲ ਕਿ, ਇਹ ਰਾਜ਼ਕ ਦੀ ਰਜ਼ਾ ਵਿਚ ਪੂਰਾ ਉਤਰਨ ਦਾ ਅਮਲ ਸਿਰੇ ਚਾੜ੍ਹਿਆ ਹੋਵੇ। ਰਾਜ਼ਕ ਨੇ ਖੇਡ ਵਰਤਾਈ ਹੈ, ਸ਼ਾਹਿਨਸ਼ਾਹ ਗੁਰੂਦੇਵ ਨੂੰ ਅਕਹਿ ਦੁੱਖੜੇ ਸਹਾਰਨੇ ਪੈ ਰਹੇ ਹਨ, ਪਰ ਰਾਜ਼ਕ ਪ੍ਰਤਿ ਰੋਸ ਨਹੀਂ ਉਪਜ ਰਿਹਾ, ਸਗੋਂ 'ਪਿਆਰੇ' ਸ਼ਬਦ ਨਾਲ ਸੰਬੋਧਨ ਕਰ ਰਹੇ ਹਨ :

ਸੁਖੁ ਦੁਖੁ ਤੇਰੀ ਆਗਿਆ ਪਿਆਰੇ...... [ਆਸਾ ਮ: ੫, ਪੰਨਾ ੪੩੨

ਇਸ ਸਾਕੇ ਵਿਚ "ਚਰਣ ਨ ਛਾਡਉ ਸਰੀਰ ਕਲ ਜਾਈ" ਵਾਲਾ ਵਰਤਾਰਾ ਵਾਪਰ ਰਿਹਾ ਹੈ। ਰਾਜ਼ਕ/ਨਾਮੀ, ਖ਼ੁਦ 'ਨਾਮ-ਰੂਪ' ਵਿਚ ਪਾਤਸ਼ਾਹ ਦੇ ਅੰਤਰ ਆਤਮੇ ਵਿਗਾਸ ਪੈਦਾ ਕਰ ਰਿਹਾ ਹੈ। ਇਸ ਵਿਗਾਸ ਵਿਚ 'ਨਾਮੁ ਪਦਾਰਥੁ' ਦੀ ਹੋਰ ਤੋਂ ਹੋਰ ਮੰਗ ਹੋ ਰਹੀ ਹੈ ਤੇ ਸਰੀਰ ਨੂੰ ਭਾਣੇ ਦੀ ਮਨੌਤ ਹਿਤ ਛੱਡ ਦਿੱਤਾ ਗਿਆ ਹੈ। ਆਤਮਾ ਨਾਮ-ਰੰਗ ਵਿਚ ਮਉਲ ਰਹੀ ਹੈ, ਸਰੀਰਕ ਕਸ਼ਟਾਂ ਨੂੰ ਆਤਮਾ ਇਸ ਰੰਗ ਵਿਚ ਹੀ ਹੱਸ ਹੱਸ ਕੇ ਨਜ਼ਰ-ਅੰਦਾਜ਼ (Ignore) ਕਰਦੀ ਜਾ ਰਹੀ ਹੈ। ਇਹ ਅਨੰਦਿਤ ਅਵਸਥਾ ਵਾਲਾ ਹਾਸਾ, ਜਿਸ ਕਾਰਨ-ਵਸਤੂ ਕਰਕੇ ਭਾਣੇ ਨੂੰ ਮਿੱਠਾ ਕਰਕੇ ਮੰਨਵਾ ਰਿਹਾ ਹੈ, ਉਸ ਵਸਤ ਦੀ ਮੰਗ ਨਾਲ ਨਾਲ ਹੋ ਰਹੀ ਹੈ :

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਗੈ ॥

---

ਬਿਲਾਵਲੁ ਮਹਲਾ ੫ [੮੪੬]

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥



www.AKJ.Org

# ਜੀਵਨ ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

(੯)

[ਵਲੋਂ—ਸ: ਪ੍ਰੀਤਮ ਸਿੰਘ ਜੀ ਅਸਿਸਟੈਂਟ ਪੋਸਟ ਮਾਸਟਰ, ਲੁਧਿਆਣਾ]

ਸਜ਼ਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰਭੀ ਵੰਞਾ ਡੁਮਣੀ ਰੋਵਾਂ ਝੀਣੀ ਬਾਣਿ ॥

ਡਾਕਟਰ ਸੁਰਿੰਦਰ ਸਿੰਘ ਜੀ ਤਾਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜੇ ਨਾਮ ਦੇ ਗੂੜ੍ਹੇ ਰੰਗ ਮਾਣਦੇ ਹੋਣਗੇ, ਪਰ ਦਾਸ ਨੂੰ ਆਪ ਜੀ ਦਾ ਵੀਹ ਸਾਲਾਂ ਦਾ ਪਿਆਰ ਕਦੇ ਭੁਲ ਨਹੀਂ ਸਕਦਾ। ਆਪ ਬਹੁਤ ਹੀ ਘਟ ਬੋਲਦੇ ਸਨ। ਨਾਮ ਤੇ ਵੈਰਾਗ-ਰੰਗ ਵਿਚ ਸਦਾ ਹੀ ਰੰਗੇ ਰਹਿੰਦੇ ਸਨ ਅਤੇ ਗੁਰਮਤਿ ਸਮਾਗਮਾਂ ਵਿਚ ਕਿਤੇ ਵਖਰੇ ਹੀ ਗੁਠੇ ਲਗ ਕੇ ਨਾਮ-ਰੰਗਾਂ ਵਿਚ ਖੇਡਦੇ ਰਹਿੰਦੇ ਸਨ।

**ਆਪ ਜੀ ਦਾ ਪਹਿਲਾ ਮਿਲਾਪ—**

੨੦ ਸਾਲ ਹੋ ਗਏ ਹਨ। ਰਾਤ ਦੇ ਦਸ ਵਜ ਚੁਕੇ ਸਨ। ਪੋਹ ਦਾ ਮਹੀਨਾ ਸੀ। ਸਰਦੀ ਕਹਿਰਾਂ ਦੀ ਪੈ ਰਹੀ ਸੀ। ਦਾਸ ਉਦੋਂ ਰਿਕਸ਼ਾ ਚਲਾ ਕੇ ਪਰਵਾਰ ਦਾ ਗੁਜ਼ਾਰਾ ਕਰਦਾ ਸੀ। ਭਾਈ ਸਾਹਿਬ ਏਨੀ ਸਰਦੀ ਵਿਚ ਇਕ ਸਾਦੇ ਜਿਹੇ ਚੋਲੇ ਵਿਚ ਸਨ। ਪਜਾਮਾ ਵੀ ਨਹੀਂ ਪਾਇਆ ਹੋਇਆ ਸੀ। ਪੈਰੀਂ ਇਕ ਸਾਦੀ ਜਹੀ ਜੁੱਤੀ ਸੀ। ਚੇਹਰਾ ਨਾਮ-ਰੰਗਾਂ ਨਾਲ ਦਗ ਦਗ ਕਰ ਰਿਹਾ ਸੀ। ਇਕ ਤਾਂ ਸੋਹਣਾ ਗੋਰਾ ਰੰਗ, ਦੂਜੇ ਨਾਮ ਦਾ ਜਲਾਲ, ਦਾਸ ਉਨ੍ਹਾਂ ਦੀ ਸ਼ਖਸੀਅਤ ਵਲ ਖਿਚਿਆ ਗਿਆ ਅਤੇ ਦਰਸ਼ਨ ਕਰ ਕੇ ਅਨੰਦਤ ਹੋ ਗਿਆ। ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹਨ, ਜਿਨ੍ਹਾਂ ਨੂੰ ਪੋਹ ਦੇ ਮਹੀਨੇ ਵਿਚ ਵੀ ਸਰਦੀ ਨਹੀਂ ਪੋਂਹਦੀ। ਦਾਸ ਨੇ ਘਰ ਵਾਪਸ ਆਉਣਾ ਸੀ, ਪਰ ਇਨ੍ਹਾਂ ਦੇ ਸਰੂਪ ਦਾ ਖਿਚਿਆ ਹੋਇਆ, ਇਨ੍ਹਾਂ ਦੇ ਮਗਰ ਰਿਕਸ਼ਾ ਲੈ ਕੇ ਜਾਣ ਲਗ ਪਿਆ। ਦਾਸ ਨੂੰ ਹਿੰਮਤ ਨਾ ਪਵੇ ਕਿ ਇਨ੍ਹਾਂ ਨੂੰ ਬੁਲਾਵਾਂ। ਪਰ ਇਨ੍ਹਾਂ ਦੀ ਸੇਵਾ ਕਰਨ ਦਾ ਬੜਾ ਚਾਅ ਸੀ ਕਿ ਰਿਕਸ਼ੇ ਵਿਚ ਇਨ੍ਹਾਂ ਨੂੰ ਬਿਠਾ ਕੇ ਜਿਥੇ ਇਨ੍ਹਾਂ ਨੇ ਜਾਣਾ ਹੈ, ਪਹੁੰਚਾ ਕੇ ਆਵਾਂ। ਕੁਝ ਸਮੇਂ ਪਿਛੋਂ ਹੀ ਭਾਈ ਸਾਹਿਬ ਦੀ ਮੇਹਰ ਦੀ ਨਿਗਾਹ ਦਾਸ ਤੇ ਪੈ ਗਈ ਤੇ ਵਾਹਿਗੁਰੂ ਜੀ ਨੇ ਦਾਸ ਨੂੰ ਬਲ ਦਿਤਾ ਤੇ ਮੁਖੋਂ ਨਿਕਲ ਗਿਆ—

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਭਾਈ ਸਾਹਿਬ ਜੀ ਨੇ ਹੌਲੀ ਤੇ ਮਿੱਠੀ ਅਵਾਜ਼ ਵਿਚ ਫ਼ਤਹ ਦਾ ਉਤਰ ਦਿਤਾ ਤੇ ਦਾਸ ਦੇ ਰਿਕਸ਼ੇ ਕੋਲ ਰੁਕ ਗਏ। ਦਾਸ ਨੇ ਨਿਮਰਤਾ ਸਹਿਤ ਬੇਨਤੀ ਕੀਤੀ, "ਭਾਈ ਸਾਹਿਬ ਜੀ, ਆਪ ਜੀ ਨੂੰ ਰਿਕਸ਼ੇ ਰਾਹੀਂ ਛਡ ਆਵਾਂ, ਜਿਥੇ ਤੁਸਾਂ ਜਾਣਾ ਹੈ। ਦਾਸ ਦਾ, ਆਪ ਜੀ ਦੀ ਸੇਵਾ ਕਰਨ ਦਾ ਦਿਲ ਹੈ।" ਭਾਈ ਸਾਹਿਬ ਨੇ ਕੋਈ ਉਤਰ ਨਾ ਦਿਤਾ ਤੇ ਦੋ ਮਿੰਟ ਰੁਕ ਕੇ ਆਪੇ ਹੀ ਰਿਕਸ਼ੇ ਵਿਚ ਬੈਠ ਗਏ। ਜਗਰਾਵਾਂ ਵਾਲੇ ਪੁਲ ਤੋਂ ਭਾਈ ਸਾਹਿਬ ਭਾਰਤ ਨਗਰ ਚੌਕ ਵਲ ਜਾ ਰਹੇ ਸਨ। ਰਿਕਸ਼ੇ ਵਿਚ ਭਾਈ ਸਾਹਿਬ ਦੇ ਬੈਠਣ ਤੋਂ ਬਾਅਦ ਦਾਸ ਵਿਚ ਏਨੀ ਪੁਛਣ ਦੀ ਹਿੰਮਤ ਹੀ ਨਹੀਂ ਸੀ ਕਿ ਪੁਛਾਂ, ਤੁਸੀਂ ਕਿਥੇ ਜਾਣਾ ਹੈ, ਕਿਉਂਕਿ ਭਾਈ ਸਾਹਿਬ ਨਾਮ ਦੇ ਕਿਸੇ ਗੂੜ੍ਹੇ ਰੰਗ ਵਿਚ ਰੰਗੇ ਹੋਏ ਸਨ। ਦਾਸ ਨੇ ਹਿੰਮਤ ਕਰ ਕੇ ਭਾਰਤ ਨਗਰ ਚੌਕ ਵਲ ਹੀ ਰਿਕਸ਼ਾ ਚਲਾਣਾ ਸ਼ੁਰੂ ਕਰ ਦਿਤਾ। ਚੌਕ ਤਕ ਪਹੁੰਚਿਆ ਹੀ ਸਾਂ ਕਿ ਭਾਈ ਸਾਹਿਬ ਨੇ ਨੀਊ ਮਾਡਲ ਟਾਊਨ ਸਿੰਘ ਸਭਾ ਗੁਰਦੁਆਰੇ ਦੇ ਪਿਛੇ ਕੋਠੀ ਵਿਚ ਜਾਣ ਲਈ ਆਖ ਦਿਤਾ। ਉਨ੍ਹਾਂ ਦਿਨਾਂ ਵਿਚ ਬੀਬੀ ਮਹਿੰਦਰ ਕੌਰ ਜੀ ਇਸ ਕੋਠੀ ਵਿਚ ਰਹਿੰਦੇ ਸਨ।

ਦਾਸ ਜਦ ਕੋਠੀ ਅਗੇ ਪਹੁੰਚਿਆ ਤਾਂ ਭਾਈ ਸਾਹਿਬ ਨੇ ਦਾਸ ਨੂੰ ਕੋਠੀ ਅੰਦਰ ਜਾਣ ਲਈ ਇਸ਼ਾਰਾ ਕੀਤਾ। ਦਾਸ ਹੈਰਾਨ, ਤੇ ਮਗਰੇ ਤੁਰ ਪਿਆ। ਕੋਠੀ ਦੇ ਦਰਵਾਜ਼ੇ ਨਾਲ ਹੀ ਨਲਕਾ ਸੀ। ਭਾਈ ਸਾਹਿਬ ਨੇ ਆਪ ਨਲਕਾ ਗੇੜ ਕੇ ਦਾਸ ਦਾ ਪੰਜ-ਇਸ਼ਨਾਨਾ ਕਰਵਾਇਆ ਤੇ ਇਸ਼ਾਰੇ ਨਾਲ ਹੀ ਆਪਣੇ ਸੰਗ ਸਾਥ ਕੋਠੀ ਅੰਦਰ ਲੈ ਗਏ। ਰਿਕਸ਼ਾ ਵੀ ਕੋਠੀ ਦੇ ਅੰਦਰ ਨਲਕੇ ਕੋਲ ਹੀ ਖੜਾ ਕਰਵਾ ਦਿਤਾ। ਆਪ ਸਿਧੇ ਰਸੋਈ ਵਿਚ ਚਲੇ ਗਏ।



www.AKJ.Org

**ਦਾਸ ਨੂੰ ਸਰਬ-ਲੋਹ ਵਿਚ ਸਮੁੰਦਰ ਛਕਾਣਾ–**

ਭਾਈ ਸਾਹਿਬ ਨੇ ਚਿਟਾਈ ਵਿਛਾ ਕੇ ਦਾਸ ਨੂੰ ਬੈਠਣ ਲਈ ਸੰਕੇਤ ਕੀਤਾ। ਦਾਸ ਚੌਕੜਾ ਮਾਰ ਕੇ ਤੇ ਹੱਥ ਜੋੜ ਕੇ ਬੈਠ ਗਿਆ। ਭਾਈ ਸਾਹਿਬ ਕਿੰਨਾ ਚਿਰ ਹੀ ਸਰਬ ਲੋਹ ਦੇ ਬਾਟੇ ਵਿਚ ਸਮੁੰਦਰ ਕਾੜ੍ਹਦੇ ਰਹੇ ਤੇ ਵਾਹਿਗੁਰੂ ਜੀ ਦੇ ਰੰਗਾਂ ਵਿਚ ਖੇਡਦੇ ਰਹੇ। ਉਨ੍ਹਾਂ ਦੀ ਘੰਟੇ ਤੋਂ ਉਪਰ ਹੀ ਸੁਰਤੀ ਲਗੀ ਰਹੀ। ਦਾਸ ਹੁਕਮ ਦਾ ਬਧਾ ਬੈਠਾ ਵੀ ਹੋਇਆ ਸੀ ਤੇ ਘਰ ਜਾਣ ਲਈ ਉਤਾਵਲਾ ਵੀ ਸੀ, ਕਿਉਂਕਿ ਸਾਰੇ ਦਿਨ ਦਾ ਰਿਕਸ਼ਾ ਚਲਾ ਕੇ ਦਾਸ ਥਕਿਆ ਵੀ ਪਿਆ ਸੀ। ਜਦੋਂ ਦਾਸ ਨੂੰ ਵਡਾ ਬਾਟਾ ਭਰ ਕੇ ਸਮੁੰਦਰ ਦਾ ਦਿਤਾ ਗਿਆ, ਦਾਸ ਪੀਂਦਿਆਂ ਹੀ ਨਾਮ ਵਿਚ ਰੰਗੀਜਿਆ ਗਿਆ, ਕੋਈ ਅਗੰਮੀ ਰੰਗ ਚੜ੍ਹ ਗਿਆ। ਸਿਮਰਨ ਆਪੇ ਹੀ ਚਲਣ ਲਗ ਪਿਆ, ਸਰੀਰ ਆਪ-ਮੁਹਾਰਾ ਹੀ ਉਡਦਾ ਮਹਿਸੂਸ ਹੋਵੇ। ਦਾਸ ਦੀਆਂ ਅੱਖਾਂ ਵਿਚ ਵੈਰਾਗ ਭਰ ਜਾਣ ਕਰਕੇ ਸੁਰਤੋਂ ਬੇਸੁਰਤ ਹੋਣ ਲਗ ਪਿਆ। ਕਾਫ਼ੀ ਸਮੇਂ ਬਾਅਦ ਜਦੋਂ ਹੋਸ਼ ਸੰਭਾਲੀ ਤਾਂ ਭਾਈ ਸਾਹਿਬ ਨੇ ਏਨੇ ਚਿਰ ਵਿਚ ਖੀਰ ਦਾ ਬਾਟਾ ਤਿਆਰ ਕਰ ਕੇ ਅਗੇ ਰਖ ਦਿਤਾ। ਇਹ ਛਕਣ ਦੀ ਹੀ ਦੇਰ ਸੀ ਕਿ ਦਾਸ ਤਾਂ ਬੇਸੁਰਤ ਹੀ ਹੋ ਗਿਆ ਤੇ ਇਹ ਪਤਾ ਹੀ ਨਾ ਰਿਹਾ ਕਿ ਮੈਂ ਕਿਥੇ ਹਾਂ।

**ਬੀਬੀ ਮਹਿੰਦਰ ਕੌਰ ਦੇ ਦਰਦ ਹੋਣੀ–**

ਕਾਫ਼ੀ ਸਮੇਂ ਬਾਅਦ ਜਦੋਂ ਦਾਸ ਨੂੰ ਹੋਸ਼ ਆਈ ਤਾਂ ਕੋਠੀ ਵਿਚ ਜਿਥੇ ਬੀਬੀ ਮਹਿੰਦਰ ਕੌਰ ਜੀ ਸਨ, ਉਥੇ ਉਨ੍ਹਾਂ ਨੂੰ ਪੇਟ ਵਿਚ ਦਰਦ ਹੋਣ ਲਗ ਪਈ। ਉਨ੍ਹਾਂ ਪਾਸੋਂ ਉਹ ਦਰਦ ਸਹਾਰੀ ਨਹੀਂ ਸੀ ਜਾਂਦੀ। ਭਾਈ ਸਾਹਿਬ ਆਪ ਡਾਕਟਰੀ ਦਾ ਕੰਮ ਜਾਣਦੇ ਸਨ। ਉਨ੍ਹਾਂ ਕਈ ਦਵਾਈਆਂ ਦਿਤੀਆਂ, ਪਰ ਕੋਈ ਆਰਾਮ ਨਾ ਆਇਆ। ਦਾਸ ਨੂੰ ਫੁਰਨਾ ਫੁਰਿਆ ਕਿ ਭਾਈ ਸਾਹਿਬ ਨੇ ਦਾਸ ਨੂੰ ਸਮੁੰਦਰ ਤੇ ਖੀਰ ਖੁਆਉਣ ਲਗਿਆਂ ਕਿੰਨਾ ਚਿਰ ਹੀ ਸਮੁੰਦਰ ਵਿਚ ਨੇਤਰਾਂ ਦੀ ਦ੍ਰਿਸ਼ਟੀ ਪਾਈ ਰਖੀ ਸੀ ਤਾਂ ਨਾਮ ਦੇ ਰੰਗਣਾਂ ਵਿਚ ਸਮੁੰਦਰ ਰੰਗਿਆ ਗਿਆ ਸੀ। ਦਾਸ ਨੇ ਬੀਬੀ ਜੀ ਨੂੰ ਸਿਮਰਨ ਕਰਦਿਆਂ ਦ੍ਰਿਸ਼ਟੀ ਪਾ ਕੇ ਜਲ ਦੇ ਦਿਤਾ ਤੇ ਬੀਬੀ ਜੀ ਨੂੰ ਅਰਾਮ ਆ ਗਿਆ।

**ਭਾਈ ਸਾਹਿਬ ਨੇ ਕਿਹਾ, 'ਏਦਾਂ ਕਿਉਂ ਕੀਤਾ'—**

ਬੀਬੀ ਜੀ ਤਾਂ ਠੀਕ ਹੋ ਗਏ, ਪਰ ਦਾਸ ਦਾ ਸਾਰਾ ਹੀ ਰੰਗ ਉਡ ਗਿਆ। ਦਾਸ ਨੂੰ ਬਹੁਤ ਹੀ ਉਦਾਸ ਦੇਖ ਕੇ ਭਾਈ ਸਾਹਿਬ ਨੇ ਕਿਹਾ, 'ਏਦਾਂ ਕਿਉਂ ਕੀਤਾ?' ਦਾਸ ਦਾ ਆਪਣੀ ਗ਼ਲਤੀ ਤੇ ਵੈਰਾਗ ਛਿੜ ਪਿਆ, ਜੋ ਥੰਮਣ ਵਿਚ ਹੀ ਨਾ ਆਵੇ। ਭਾਈ ਸਾਹਿਬ ਦਾਸ ਦਾ ਹੱਥ ਪਕੜ ਕੇ ਸਿਮਰਨ ਕਰਦੇ ਰਹੇ। ਹੁਣ ਤਿੰਨ ਵਜ ਚੁਕੇ ਸਨ। ਦਾਸ ਤੇ ਫਿਰ ਕਲਾ ਵਰਤ ਗਈ ਤੇ ਭਾਈ ਸਾਹਿਬ ਨੇ ਅਗੇ ਤੋਂ ਭਾਣਾਮੰਨਣ ਦੀ ਪ੍ਰੇਰਨਾ ਦਿਤੀ। ਦਾਸ ਨੂੰ ਆਪ ਨੇ ਪੰਜ ਰੁਪਏ ਤੇ ਬਹੁਤ ਸਾਰੇ ਸਰਬ ਲੋਹ ਦੇ ਬਰਤਨ ਦਿਤੇ। ਦਾਸ ਨੇ ਦਸਿਆ ਕਿ ਦਾਸ ਦੇਸੀ ਘਿਓ ਵਰਤਣ ਜੋਗਾ ਨਹੀਂ ਤਾਂ ਉਨ੍ਹਾਂ ਨੇ ਸਰਸੋਂ ਦਾ ਤੇਲ ਵਰਤਣ ਲਈ ਆਖਿਆ।

**ਪਰਵਾਰ ਸਹਿਤ ਪੇਸ਼ ਹੋਣਾ–**

ਭਾਈ ਸਾਹਿਬ ਦੀ ਪ੍ਰੇਰਨਾ ਨਾਲ ਦਾਸ ਨੇ ਰਿਕਸ਼ਾ ਵਾਹੁਣਾ ਛਡ ਦਿਤਾ ਤੇ ਡਾਕਖ਼ਾਨੇ ਚੌਕੀਦਾਰ ਭਰਤੀ ਹੋ ਗਿਆ। ਫਿਰ ਪੈਕਰ, ਪੋਸਟਮੈਨ ਤੋਂ ਕਲਰਕ ਬਣ ਗਿਆ ਤੇ ਅੱਜ ੧੯-੪-੮੪ ਨੂੰ ਦਾਸ (L.S.G.) ਛੋਟੇ ਪੋਸਟ ਮਾਸਟਰ ਦੇ ਆਰਡਰ ਆ ਗਏ ਹਨ। ਦਾਸ ਨੂੰ ਅੱਜ ਭਾਈ ਸਾਹਿਬ ਦੀ ਯਾਦ ਤਾਜ਼ਾ ਹੋ ਆਈ ਹੈ ਤਾਂ ਇਹ ਕੁਝ ਸਤਰਾਂ ਲਿਖੀਆਂ ਗਈਆਂ ਹਨ।

ਡਾਕਟਰ ਸਾਹਿਬ ਦੀ ਪ੍ਰੇਰਨਾ ਨਾਲ ਸਿੰਘਣੀ ਵੀ ਤੇ ਬੱਚੇ ਵੀ ਖਾਲਸਈ ਬਾਣੇ ਵਿਚ ਸਸ਼ੋਭਤ ਹੋ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਬਾਊ ਮੱਲ ਸਿੰਘ ਜੀ ਵੀ ਬੜੇ ਪ੍ਰਸੰਨ ਹੋਏ ਸਨ। ਉਨ੍ਹਾਂ ਨੇ ਦਾਸਾਂ ਤੇ ਬਖ਼ਸ਼ਸ਼ ਕੀਤੀ ਅਤੇ ਸਾਰੇ ਪਰਵਾਰ ਨੂੰ ਪੰਜਾਂ ਪਿਆਰਿਆਂ ਦੇ ਪੇਸ਼ ਕਰਵਾ ਕੇ ਤਿਆਰ-ਬਰ-ਤਿਆਰ ਕਰ ਦਿਤਾ। ਦਾਸ ਅੱਜ ਵੀ ਭਾਈ ਸਾਹਿਬ ਰਣਧੀਰ ਸਿੰਘ ਜੀ, ਮਾਨਯੋਗ ਬਾਊ ਮੱਲ ਸਿੰਘ ਜੀ, ਡਾਕਟਰ ਸੁਰਿੰਦਰ ਸਿੰਘ ਜੀ ਅਤੇ ਆਪ ਜੀ ਜਿਹੇ ਹੋਰ ਸਚਖੰਡ-ਵਾਸੀ ਉਚੀ ਸੁਚੀ ਕਰਣੀ ਵਾਲੇ ਗੁਰਸਿਖਾਂ ਅਗੇ ਸੀਸ ਨਿਵਾਂਦਾ ਹੈ ਅਤੇ ਜੋਦੜੀ ਕਰਦਾ ਹੈ— ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥



www.AKJ.Org

# ਅੰਮ੍ਰਿਤ-ਸਿੰਚਾਰ ਦੇ ਨਿਯਮਾਂ ਵਿਚ ਢਿਲ ਕਿਉਂ ?

[ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਵਿਚ ਅੰਮ੍ਰਿਤ ਤਿਆਰ ਕਰਨ ਸਮੇਂ ਪੰਜ ਬਾਣੀਆਂ (ਜਪੁ, ਜਾਪ ਸਾਹਿਬ, ਸਵੈਯੇ ੧੦—ਸ੍ਰਾਵਗ ਸ਼ੁੱਧ, ਚੌਪਈ, ਅਨੰਦੁ ਸਾਹਿਬ) ਦੇ ਪਾਠ ਦੀ ਮਰਯਾਦਾ ਪ੍ਰਚਲਤ ਹੈ। ਪਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪੀ ਸਿੱਖ ਰਹਿਤ ਮਰਯਾਦਾ ਦੀ ਪੁਸਤਕ (ਪੁਰਾਣੀ ਐਡੀਸ਼ਨ ਪੰਨਾ ੩੪ ਤੇ ਨਵੀਂ ਐਡੀਸ਼ਨ ਮਾਰਚ ੧੯੮੨ ਪੰਨਾ ੨੫) ਵਿਚ ਦਰਜ ਹੈ ਕਿ ਚਾਰ ਬਾਣੀਆਂ ਦਾ ਸੰਪੂਰਨ ਪਾਠ ਤੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਇਕ ਅੰਤਲੀ ਪਉੜੀ ਦਾ ਪਾਠ ਕੀਤਾ ਜਾਏ। ਜਿਸਦੇ ਪ੍ਰਭਾਵ ਹੇਠ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਤੇ ਜਥੇ, ਜੋ ਨਵੇਂ ਵਜੂਦ ਵਿਚ ਆਏ ਹਨ, ਅੰਮ੍ਰਿਤ ਸਿੰਚਾਰ ਸਮੇਂ ਉਕਤ ਮਰਯਾਦਾ ਵਰਤ ਰਹੇ ਹਨ।

ਇਸੇ ਪ੍ਰਭਾਵ ਹੇਠ ਕਈ ਦੁਕਾਨਦਾਰ ਗੁਰਬਾਣੀ ਦੇ ਜੋ ਨਿਤਨੇਮ ਆਦਿ ਗੁਟਕੇ ਛਾਪਦੇ ਹਨ, ਉਨ੍ਹਾਂ ਵਿਚ ਦੁਕਾਨਦਾਰਾਂ ਵਲੋਂ ਅਨੰਦੁ ਸਾਹਿਬ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ ਛਾਪਣੀ ਸ਼ੁਰੂ ਕਰ ਦਿਤੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤ-ਸਿੰਚਾਰ ਸਮੇਂ ਅਨੰਦ ਸਾਹਿਬ ਦੀ ਬਾਣੀ ਵਿਚ ਢਿਲ ਪਤਾ ਨਹੀਂ ਕਿਸ ਅਧਾਰ ਤੇ ਅਜ ਤੋਂ ਚਾਲੀ ਸਾਲ ਪਹਿਲਾਂ ਦੇ ਦਿਤੀ।

ਇਕ ਸਮੇਂ ੧੯੭੪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅੰਮ੍ਰਿਤ-ਸਿੰਚਾਰ ਸਮੇਂ ਦਾਸ ਦਰਸ਼ਕਾਂ ਵਿਚ ਬੈਠਾ ਸੀ, ਜੋ ਉਥੇ ਬੈਠਣ ਦੀ ਆਗਿਆ ਹੈ (ਦਾਸ ਦੀ ਤੁਛ ਬੁਧੀ ਅਨੁਸਾਰ ਇਹ ਠੀਕ ਨਹੀਂ), ਦਾਸ ਨੇ ਇਤਰਾਜ਼ ਕੀਤਾ ਸੀ ਕਿ ਚਾਰ ਬਾਣੀਆਂ ਸੰਪੂਰਨ ਪੜ੍ਹਦੇ ਹੋ ਤੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਕਿਉਂ ? ਉਸ ਸਮੇਂ ਦੇ ਪੰਜ ਪਿਆਰਿਆਂ ਦੇ ਮੁਖੀ ਨੇ ਉਤਰ ਦਿਤਾ ਕਿ ਅਨੰਦ ਸਾਹਿਬ ਪੜ੍ਹਨਾ ਤਾਂ ਸੰਪੂਰਨ ਚਾਹੀਦਾ ਹੈ, ਪਰ ਸਾਨੂੰ ਪ੍ਰਬੰਧਕਾਂ ਵਲੋਂ ਜੋ ਆਗਿਆ ਹੈ, ਉਸੇ ਤਰ੍ਹਾਂ ਕਰਨਾ ਹੈ।*

ਇਸੇ ਪ੍ਰਕਾਰ ਇਕ ਹੋਰ ਵਡੀ ਭੁਲ ਹੋ ਰਹੀ ਹੈ, ਅੰਮ੍ਰਿਤ-ਸਿੰਚਾਰ ਸਮੇਂ ਬੀਬੀਆਂ ਨੂੰ ਕਿਹਾ ਜਾਂਦਾ ਹੈ ਕਿ ਨੱਕ, ਕੰਨ ਦੇ ਛੇਦਕ ਗਹਿਣੇ ਉਤਾਰ ਦਿਉ। ਉਸ ਵੇਲੇ ਤਾਂ ਉਤਾਰ ਕੇ ਅੰਮ੍ਰਿਤ ਛਕਾ ਦਿਤਾ ਜਾਂਦਾ ਹੈ, ਪਰ ਇਹ ਨਹੀਂ ਦ੍ਰਿੜ੍ਹ ਕਰਾਇਆ ਜਾਂਦਾ ਕਿ ਅੰਮ੍ਰਿਤਧਾਰੀ ਬੀਬੀਆਂ ਨੂੰ ਕਿਸੇ ਸਮੇਂ ਵੀ ਛੇਦਕ ਗਹਿਣੇ ਨਹੀਂ ਪਾਣੇ ਚਾਹੀਦੇ। ਨਵੀਆਂ ਸਿੱਖ ਜਥੇਬੰਦੀਆਂ ਅੰਮ੍ਰਿਤ-ਸਿੰਚਾਰ ਸਮੇਂ ਕਈ ਪ੍ਰਕਾਰ ਦੀ ਢਿਲ ਦੇ ਕੇ ਵਧ ਤੋਂ ਵਧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਣ ਦਾ ਉਪਰਾਲਾ ਕਰ ਰਹੀਆਂ ਹਨ, ਜਿਸਦਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਕਈ ਬੀਬੀਆਂ ਨੇ ਗਾਤਰੇ ਕ੍ਰਿਪਾਨ ਤਾਂ ਸਜਾਈ ਹੋਈ ਹੈ, ਪਰ ਨੱਕ, ਕੰਨ ਛੇਦੇ ਹੋਏ ਅਤੇ ਕਾਂਟੇ, ਵਾਲੀਆਂ ਪਾਏ ਹੋਏ ਹੁੰਦੇ ਹਨ। ਹਾਲਾਂ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੀ ਰਹਿਤ ਮਰਯਾਦਾ ਪੁਸਤਕ ਦੇ ਪੰਨਾ ੨੪ ਤੇ ਸਪਸ਼ਟ ਲਿਖਿਆ ਹੈ ਕਿ ਛੇਦਕ ਗਹਿਣੇ ਕੋਈ ਨ ਹੋਣ। ਇਸੇ ਪੁਸਤਕ ਵਿਚ "ਗੁਰਮਤਿ ਦੀ ਰਹਿਣੀ" ਪੰਨਾ ੧੭ ਤੇ ਦਰਜ ਹੈ ਕਿ ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਣਾ ਮਨ੍ਹਾ ਹੈ। ਇਤਨੇ ਸਪੱਸ਼ਟ ਸ਼ਬਦਾਂ ਵਿਚ ਵਿਵਰਜਤ ਕਰਮ ਦਸੇ ਹੋਏ ਹਨ। ਪਰ ਇਸ ਤੋਂ ਉਲਟ ਵੇਖਿਆ ਜਾਂਦਾ ਹੈ ਕਿ ਪੁਰਾਤਨ ਸਮੇਂ ਤੋਂ ਸਿੰਘ ਸਭੀਏ ਅਖਵਾਣ ਵਾਲੇ, ਗੁਰਬਾਣੀ ਦਾ ਪਾਠ ਕਰਨ ਵਾਲੇ ਸਿਖ ਪ੍ਰਵਾਰ, ਤੇ ਗੁਰਦੁਆਰਿਆਂ ਦੇ ਮੁਖੀ ਪ੍ਰਬੰਧਕ, ਗ੍ਰੰਥੀ ਅਤੇ ਰਾਗੀ ਸਿੰਘਾਂ ਦੀਆਂ ਪਤਨੀਆਂ, ਨੂੰਹਾਂ ਧੀਆਂ ਸਮੇਂ ਦੇ ਫੈਸ਼ਨ-ਪ੍ਰਸਤੀ ਦੇ ਚਕਰ ਵਿਚ ਫਸ ਕੇ, ਗੁਰਮਤਿ ਨਿਯਮਾਂ ਦਾ ਤਿਆਗ ਕਰ ਰਹੀਆਂ ਹਨ। ਇਸ ਦਾ ਪ੍ਰਭਾਵ ਹੋਰ ਸਿੱਖ ਬਚੀਆਂ ਤੇ ਪੈਣਾ ਅਵੱਸ਼ ਹੈ। ਸਿੱਖ ਸਕੂਲਾਂ ਕਾਲਜਾਂ ਵਿਚ ਫੈਸ਼ਨਪ੍ਰਸਤੀ

* ਅੱਜ ਕਲ੍ਹ ਸ਼੍ਰੋਮਣੀ ਕਮੇਟੀ ਦੇ ਪਰਬੰਧ ਵਾਲੇ ਤਖਤ ਸਾਹਿਬਾਨ ਤੇ, ਪੰਜ ਪਿਆਰਿਆਂ ਵਲੋਂ ਅਨੰਦ ਸਾਹਿਬ ਪੂਰਾ ਚਾਲੀ ਪਉੜੀਆਂ ਪੜ੍ਹਿਆ ਜਾਂਦਾ ਹੈ ਅਤੇ ਇਨ੍ਹਾਂ ਪੰਚਾਂ ਵਲੋਂ ਜਿਥੇ ਕਿਥੇ ਵੀ ਅੰਮ੍ਰਿਤ ਛਕਾਇਆ ਜਾਂਦਾ ਹੈ, ਹੁਣ ਪੂਰੇ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। —ਸੰਪਾਦਕ



www.AKJ.Org

# ਕੇਸ ਅਤੇ ਕੇਸਕੀ

[ਵਲੋਂ :—ਸ: ਮਦਨ ਸਿੰਘ ਜੀ, ਯੂ. ਕੇ.]

'ਕੇਸ' ਸਰੀਰ ਦਾ ਅੰਗ ਹਨ। 'ਕੇਸ' ਗੁਰੂ ਕੀ 'ਮੋਹਰ' ਹਨ। ਕੇਸਾਂ ਨੂੰ ਕਤਲ ਕਰਨਾ ਗੁਰੂ ਤੋਂ ਬੇਮੁਖ ਹੋਣਾ ਹੈ, ਸਿਖੀ ਤੋਂ ਖ਼ਾਰਜ ਹੋਣਾ ਹੈ।

'ਕੇਸਕੀ' ਦੇ ਅਰਥ ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਇਉਂ ਕਰਦੇ ਹਨ—

''ਕੇਸਕੀ.ਸੰਗਯਾ—ਛੋਟੀ ਪੱਗ, ਜੋ ਕੇਸਾਂ ਦੀ ਰਖਿਆ ਲਈ ਪਹਿਰੀ ਜਾਂਦੀ ਹੈ।''

'ਕੇਸਕੀ' ਕੇਸਾਂ ਦੀ ਸੇਵਾ ਸੰਭਾਲ ਕਰਨ ਵਾਲੀ ਛੋਟੀ ਦਸਤਾਰ ਹੈ। ਕੇਸ ਤੇ ਕੇਸਕੀ ਇਕ ਦੂਜੇ ਨਾਲ ਜੁੜਵੇਂ ਅਰਥ ਰਖਦੇ ਹਨ। ਕੇਸ ਤੇ ਕੇਸਕੀ ਅਨਿਖੜਵੇਂ ਹੋਣ ਦੇ ਬਾਵਜੂਦ, ਦੋਹਾਂ ਦੀ ਆਪੋ ਆਪਣੀ ਮਹੱਤਤਾ ਹੈ।

ਜਿਥੇ ਕੰਘਾ, ਕੜਾ, ਕਛਹਿਰਾ ਤੇ ਕਿਰਪਾਨ ਚਾਰੇ ਕਕਾਰ ਆਪੋ ਆਪਣੀ ਥਾਂ ਅਜ਼ਾਦ ਤੇ ਖਾਸ ਲੋੜ ਨੂੰ ਪੂਰਾ ਕਰਨ ਲਈ ਬਖਸ਼ੇ ਗਏ ਹਨ, ਉਥੇ ਕੇਸਾਂ ਦੀ ਸੰਭਾਲ ਲਈ ਪੰਜਵੇਂ ਕਕਾਰ 'ਕੇਸਕੀ' ਦੀ ਬਖਸ਼ਸ਼ ਹੋਈ ਹੈ। ਜੇਕਰ ਕੇਸ ਵੀ ਕਕਾਰਾਂ ਵਿਚ ਸ਼ਾਮਲ ਕਰ ਲੈਂਦੇ ਹਾਂ ਤਾਂ ਬਾਕੀ ਚਾਰ ਕਕਾਰਾਂ ਵਾਂਗ ਇਨ੍ਹਾਂ ਨੂੰ ਵੀ ਸਰੀਰ ਦੇ ਕਿਸੇ ਹਿੱਸੇ ਦੀ ਸੰਭਾਲ ਲਈ ਵਰਤਿਆ ਜਾਣਾ ਚਾਹੀਦਾ ਹੈ। 'ਕੇਸ' ਜਨਮ ਤੋਂ ਹੀ ਸਰੀਰ ਦਾ ਅੰਗ ਹਨ ਅਤੇ ਹਰੇਕ ਮਨੁਖ ਮਾਤਰ ਨੂੰ ਵਾਹਿਗੁਰੂ ਜੀ ਵਲੋਂ ਮਿਲੇ ਹੋਏ ਹਨ। ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿੰਨ੍ਹ ਹੀ ਰਹਿਤ ਦਾ ਭਾਗ ਹਨ। ਇਨ੍ਹਾਂ ਪੰਜਾਂ ਕਕਾਰਾਂ ਦੀ ਮਹੱਤਤਾ ਇਕ-ਸਾਰ ਹੈ।

ਪੰਜਾਂ ਕਕਾਰਾਂ ਵਿਚੋਂ ਕੋਈ ਕਕਾਰ ਕਿਸੇ ਮਜਬੂਰੀ ਕਾਰਨ ਕਿਸੇ ਸਿਖ ਦੇ ਸਰੀਰ ਤੋਂ ਵਖ ਹੋ ਜਾਵੇ ਤਾਂ ਉਹ ਤਨਖ਼ਾਹੀਆ ਹੈ, ਅਰਦਾਸ ਕਰ ਕੇ ਭੁਲ ਬਖਸ਼ਾ ਸਕਦਾ ਹੈ; ਪਰ ਉਹ ਪਤਿਤ ਨਹੀਂ। ਪਰ ਕੇਸਾਂ ਦੀ ਮਹੱਤਤਾ ਇਨ੍ਹਾਂ ਕਕਾਰਾਂ ਤੋਂ ਬਹੁਤ ਮਹਾਨ ਹੈ। ਕੇਸਾਂ ਨੂੰ ਸਰੀਰ ਤੋਂ ਅਲਹਿਦਾ ਕਰਨ ਵਾਲਾ ਪਤਿਤ ਹੈ, ਉਸ ਨੂੰ ਦੁਬਾਰਾ ਸਿੰਘ ਸਜਣ ਲਈ ਫਿਰ ਅੰਮ੍ਰਿਤ ਛਕਣਾ ਪੈਂਦਾ ਹੈ ਅਤੇ ਬਜਰ ਕੁਰਹਿਤ ਕਰਨ ਕਰਕੇ ਪੰਚਾਂ ਤੋਂ ਸਜ਼ਾ ਭੁਗਤਣੀ ਪੈਂਦੀ ਹੈ।

ਕਈਆਂ ਦੇ ਕੇਸ ਥੋੜ੍ਹੇ ਹੁੰਦੇ ਹਨ ਤੇ ਕਈਆਂ ਦੇ ਬਹੁਤੇ ਅਤੇ ਕਈਆਂ ਦੇ ਹੁੰਦੇ ਹੀ ਨਹੀਂ, ਜਾਂ ਕਿਸੇ ਬੀਮਾਰੀ ਆਦਿ ਕਰਕੇ ਝੜ ਜਾਂਦੇ ਹਨ। ਕੁਦਰਤੀ ਕੇਸ ਨਾ ਹੋਣ ਕਾਰਨ ਕੋਈ ਪਤਿਤ ਨਹੀਂ ਹੋ ਸਕਦਾ, ਕੇਸ ਕਤਲ ਕਰਾਉਣ ਵਾਲਾ ਹੀ ਪਤਿਤ ਮੰਨਿਆ ਜਾਂਦਾ ਹੈ।

ਜੇ ਕੇਸ ਕਕਾਰ ਹਨ ਤਾਂ ਫਿਰ ਕੁਰਹਿਤਾਂ ਵਿਚ ਕਿਉਂ ਸ਼ਾਮਲ ਕੀਤਾ ਜਾਂਦਾ ਹੈ? ਕਕਾਰਾਂ ਦੀ ਰਹਿਤ ਰਖਣ ਵਿਚ ਹੁਕਮ ਦੇਣਾ ਕਿ ਕੇਸ ਧਾਰਨ ਕਰੋ ਤੇ ਫਿਰ ਕੁਰਹਿਤਾਂ ਵਿਚ ਤਾੜਨਾ ਕਰਨੀ ਕਿ ਕੇਸ ਕਤਲ ਨਾ ਕਰਾਓ, ਅਜੀਬ ਕਹਾਣੀ ਹੈ।

ਕੇਸਾਂ ਨੂੰ ਕਕਾਰ ਦਸਣ ਵਾਲੇ ਪੁਰਾਤਨ ਰਹਿਤਨਾਮਿਆਂ ਦੀ ਆੜ ਲੈਂਦੇ ਹਨ। ਪਰ ਇਨ੍ਹਾਂ ਰਹਿਤਨਾਮਿਆਂ

---

✽ ਤੇ ਫਿਲਮਾਂ ਦੇ ਪ੍ਰਚਾਰ ਦਾ ਵਧੇਰੇ ਅਸਰ ਹੈ। ਉਥੇ ਸਿੱਖ ਮਰਯਾਦਾ ਦਾ ਪ੍ਰਚਾਰ ਕਰਨ ਦਾ ਰਿਵਾਜ ਖ਼ਤਮ ਹੋ ਚੁਕਾ ਹੈ।

ਇਸ ਲਈ ਸਮੂੰਹ ਗੁਰਸਿਖਾਂ ਪਾਸ ਬੇਨਤੀ ਹੈ ਕਿ ਇਸ ਵਿਲ ਨੂੰ ਦੂਰ ਕਰਾਣ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਤੇ ਹੋਰ ਪੁਰਾਤਨ ਤੇ ਨਵੀਨ ਸਿੱਖ ਜਥੇਬੰਦੀਆਂ ਨੂੰ ਨਿੰਮ੍ਰਤਾ ਸਹਿਤ ਪੱਤਰ ਲ਼ਿਖ ਕੇ ਜਾਂ ਮਿਲ ਕੇ ਬੇਨਤੀ ਕੀਤੀ ਜਾਏ ਕਿ ਅੰਮ੍ਰਿਤ-ਸਿੰਚਾਰ ਦਾ ਉਦੇਸ਼ ਸਿਖ ਮਰਯਾਦਾ ਨੂੰ ਵਿਸਾਰ ਕੇ ਅੰਮ੍ਰਿਤ-ਧਾਰੀਆਂ ਦੀ ਕੇਵਲ ਗਿਣਤੀ ਵਧਾਣੀ ਨਹੀਂ ਹੋਣਾ ਚਾਹੀਦਾ। ਇਸਤਰ੍ਹਾਂ ਕਰਨ ਨਾਲ ਅੰਮ੍ਰਿਤ ਛਕਣ ਦੀ ਮਰਯਾਦਾ ਇਕ ਰਸਮ ਬਣ ਕੇ ਰਹਿ ਜਾਏਗੀ ਇਸ ਤਰ੍ਹਾਂ ਮਨੁਖੀ ਜੀਵਨ ਵਿਚ ਕੋਈ ਤਬਦੀਲੀ ਨਹੀਂ ਆ ਸਕਦੀ, ਜੋ ਆਮ ਮਨੁਖਾਂ ਨਾਲੋਂ ਅੰਮ੍ਰਿਤਧਾਰੀ ਸਿੰਘ ਸਿੰਘਣੀ ਵਿਚ ਹੋਣੀ ਜ਼ਰੂਰੀ ਹੈ।



www.AKJ.Org

ਵਿਚ ਕਿੰਨੀ ਕੁ ਮਿਲਾਵਟ ਕੀਤੀ ਜਾ ਚੁਕੀ ਹੈ, ਇਹ ਇਨ੍ਹਾਂ ਨੂੰ ਪੂਰੀ ਤਰ੍ਹਾਂ ਵਾਚਣ, ਵਿਚਾਰਨ ਤੇ ਘੋਖਣ ਤੋਂ ਹੀ ਪਤਾ ਲਗ ਸਕਦਾ ਹੈ। ਇਨ੍ਹਾਂ ਰਹਿਤਨਾਮਿਆਂ ਵਿਚ ਸਵੈ-ਵਿਰੋਧੀ ਗੱਲਾਂ ਦੀ ਭਰਮਾਰ ਹੈ। ਸਾਡੇ ਇਹ ਰਹਿਤਨਾਮੇ ਡੂੰਘੀ ਖੋਜ ਦੇ ਮੁਥਾਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਮੁਖੀ ਅਗਵਾਈ ਦੇਣ ਵਾਲੇ ਹਨ। ਇਨ੍ਹਾਂ ਨੂੰ ਛਡ ਕੇ ਰਲ-ਗਡ ਰਹਿਤਨਾਮਿਆਂ ਨੂੰ ਅਧਾਰ ਬਣਾਉਣਾ ਭਾਰੀ ਭੁਲ ਹੈ। ਪੰਥ ਦੇ ਦੋਖੀਆਂ ਵਲੋਂ ਸਿਖੀ ਸਰੂਪ ਤੇ ਵਿਚਾਰਧਾਰਾ ਵਿਚ ਮਿਲਾਵਟ ਕੀਤੀ ਗਈ ਹੈ। ਟੂਕ ਮਾਤਰ ਕੁਝ ਵੰਨਗੀਆਂ ਆਉਂਦੇ ਪਰਚੇ ਵਿਚ ਦੇ ਦਿਤੀਆਂ ਜਾਣਗੀਆਂ।

ਕੇਸਾਂ ਦੀ ਮਹਾਨਤਾ ਅਤੇ ਦਸਤਾਰ ਦੀ ਅਵੱਸ਼ਕਤਾ ਬਾਰੇ ਗੁਰਬਾਣੀ ਦੀਆਂ ਕਈ ਪੰਗਤੀਆਂ ਵਿਚੋਂ ਸੰਕੇਤ ਮਿਲਦੇ ਹਨ, ਜਿਹਾ ਕਿ—

—ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ ॥ (ਪੰਨਾ ੧੦੮੪)
—ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ ॥ (ਪੰਨਾ ੭੨੭)
—ਜਿਹ ਸਿਰ ਰਚਿ ਰਚਿ ਬਾਧਹੁ ਪਾਗ ॥ (ਪੰਨਾ ੩੩੦)
—ਬਾਂਕੇ ਬਾਲ ਪਾਗ ਸਿਰ ਡੇਰੀ ॥ (ਪੰਨਾ ੬੫੯)

ਰਹਿਤਨਾਮਿਆਂ ਵਿਚੋਂ ਵੀ ਨੰਗੇ ਸਿਰ ਰਹਿਣ, ਨੰਗੇ ਸਿਰ ਪ੍ਰਸ਼ਾਦ ਛਕਣ ਜਾਂ ਪ੍ਰਸ਼ਾਦ ਵੰਡਣ ਆਦਿ ਵਾਲੇ ਨੂੰ ਤਨਖਾਹੀਆ ਗਰਦਾਨਿਆ ਹੋਇਆ ਹੈ। ਸਿਖ ਇਤਿਹਾਸ ਵਿਚੋਂ ਮਾਤਾ ਭਾਗੋ ਦੀ ਪਰਤੱਖ ਮਿਸਾਲ ਮਿਲਦੀ ਹੈ ਕਿ ਦਸਮ ਪਿਤਾ ਜੀ ਨੇ ਉਸ ਨੂੰ ਪਰਮ ਹੰਸ ਅਵਸਥਾ ਵਿਚ ਨਗਨ ਵਿਚਰਦਿਆਂ ਨੂੰ ਕਛਹਿਰਾ ਤੇ ਛੋਟੀ ਦਸਤਾਰ ਸਜਾਣ ਲਈ ਬਚਨ ਕੀਤਾ। ਇਸੇ ਤਰ੍ਹਾਂ ਅੰਗਰੇਜ਼ ਇਤਿਹਾਸਕਾਰ ਕਨਿੰਘਮ ਜੰਗਾਂ ਯੁਧਾਂ ਦੇ ਅਖੀਂ ਡਿਠੇ ਹਾਲਾਤ ਲਿਖਦਾ ਹੈ ਕਿ—"ਸਿਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਪਹਿਰਾਵੇ ਅਤੇ ਖ਼ਾਸ ਕਰਕੇ ਦਸਮ ਦੁਆਰ ਉਤੇ ਕੇਸਾਂ ਦੇ ਜੂੜੇ ਕਰਕੇ ਵਿਲੱਖਣਤਾ ਰਖਦੀਆਂ ਹਨ।"

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 'ਸਿੰਘਾਂ ਦਾ ਪੰਥ ਨਿਰਾਲਾ' ਵਿਚ ਲਿਖਦੇ ਹਨ ਕਿ "੧੯੧੪ ਤੋਂ ਪਹਿਲਾਂ ਗੁਰੂ ਘਰ ਦੇ ਦੀਵਾਨਾਂ, ਸਮਾਗਮਾਂ ਵਿਚ ਦਸਤਾਰੇ ਵਾਲੀਆਂ ਸਿੰਘਣੀਆਂ, ਭੁਜੰਗਣਾਂ ਵੀ ਬਹੁਤ ਹੋਇਆ ਕਰਦੀਆਂ ਸਨ—ਪਰ ਅਸੀਂ ਜਦੋਂ ੧੯੩੦ ਵਿਚ ਵਾਪਸ ਬਾਹਰ ਆਏ ਤਾਂ ਅਸਾਡੀ ਹੈਰਾਨਗੀ ਦੀ ਹੱਦ ਨਾ ਰਹੀ, ਜਦੋਂ ਅਸੀਂ ਟਾਵੀਆਂ ਟਾਵੀਆਂ ਬੀਬੀਆਂ ਭੈਣਾਂ ਦੇ ਸਿਰਾਂ ਤੇ ਹੀ ਦਸਤਾਰਾਂ ਦੇਖੀਆਂ।"

ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਸੀਨਾ ਬਸੀਨਾ ਅੰਮ੍ਰਿਤ-ਸਿੰਚਾਰ ਤੱਤ ਖਾਲਸਈ ਜਥਿਆਂ ਅੰਦਰ ਪੰਜ ਕਕਾਰਾਂ ਦੀ ਰਹਿਤ ਵਿਚ ਕੇਸਕੀ (ਛੋਟੀ ਦਸਤਾਰ) ਸ਼ਾਮਲ ਰਹੀ ਹੈ। ਅੰਗਰੇਜ਼ਾਂ ਦੇ ਸਮੇਂ ਸਿਖੀ ਮੰਡਲਾਂ ਵਿਚ ਦਸਤਾਰ (ਕੇਸਕੀ) ਖ਼ਾਲਸਾ ਰਹਿਤ ਦਾ ਅੰਗ ਮੰਨੀ ਜਾਂਦੀ ਰਹੀ। ਖ਼ਾਲਸਾ ਵਿਦਿਅਕ ਸੰਸਥਾਵਾਂ ਵਿਚ, ਜਿਵੇਂ ਕਿ ਖਾਲਸਾ ਭੁਝੰਗਣ ਸਕੂਲ ਕੈਰੋਂ, ਖਾਲਸਾ ਕੰਨਿਆ ਵਿਦਿਆਲਾ ਜਸਪਾਲੋਂ, ਵਿਦਿਆ ਭੰਡਾਰ ਪੰਚਖੰਡ (ਭਸੌੜ) ਆਦਿ ਵਿਚ ਅਧਿਆਪਕਾ ਤੇ ਵਿਦਿਆਰਥੀ ਬੀਬੀਆਂ ਸਭ ਦਸਤਾਰ-ਧਾਰੀ ਹੁੰਦੀਆਂ ਸਨ। ਸੈਂਟਰਲ ਖਾਲਸਾ ਮਾਝਾ ਦੀਵਾਨ ਅਤੇ ਗੜਗਜ ਅਕਾਲੀ ਦੀਵਾਨ, ਜਿਨ੍ਹਾਂ ਤੋਂ ਗੁਰਦਵਾਰਾ ਸੁਧਾਰ ਲਹਿਰ ਦਾ ਜਨਮ ਹੋਇਆ, ਦੇ ਕਾਰਕੁਨ ਸਾਰੇ ਪਰਵਾਰਾਂ ਸਮੇਤ ਕੇਸਕੀ ਦੇ ਧਾਰਨੀ ਸਨ। ਕਾਫ਼ੀ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਵੀ ਅੰਮ੍ਰਿਤ ਛਕਣ ਸਮੇਂ ਅਭਿਲਾਖੀਆਂ ਨੂੰ ਕੇਸਕੀ ਦੀ ਰਹਿਤ ਦ੍ਰਿੜ੍ਹ ਕਰਾਈ ਜਾਂਦੀ ਰਹੀ ਹੈ। ਮਗਰੋਂ ਪ੍ਰਬੰਧਕਾਂ ਦੀ ਨਿਜੀ ਢਿਲਿਆਈ ਕਰਕੇ ਇਸ ਗੁਰਮਤੀ ਰਹਿਤ ਵਿਚ ਢਿਲ ਪੈਣੀ ਸ਼ੁਰੂ ਹੋ ਗਈ ਅਤੇ ਅਲੋਪ ਹੀ ਹੋ ਗਈ।

ਮੌਜੂਦਾ ਸਮੇਂ ਵਿਚ ਵੀ ਇਹ ਕੇਸਕੀ (ਛੋਟੀ ਦਸਤਾਰ) ਦੀ ਰਹਿਤ ਕੇਵਲ ਅਖੰਡ ਕੀਰਤਨੀ ਜਥੇ ਤਕ ਹੀ ਸੀਮਤ ਨਹੀਂ, ਸਗੋਂ ਪੰਥ ਦੇ ਹੋਰ ਗੁਰਮਤੀ ਪਰਵਾਰਾਂ ਵਿਚ ਵੀ ਇਹ ਪ੍ਰਚਲਤ ਹੈ। ਪੰਥ ਰਤਨ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਤੇ ਉਨ੍ਹਾਂ ਦੇ ਸੰਗੀ ਸਾਥੀ ਸਿੰਘਾਂ ਦੇ ਪਰਵਾਰਾਂ ਵਿਚ, ਜਥੇਦਾਰ ਅੱਛਰ ਸਿੰਘ ਜੀ ਦਾ ਪਰਵਾਰ, ਪਿੰਡ ਭੁੱਚਰ, ਮੱਟੀਆਂ ਆਦਿ ਵਿਖੇ ਸੈਂਟਰਲ ਮਾਝਾ ਖਾਲਸਾ ਦੀਵਾਨ ਦੇ ਅਕਾਲੀ ਪਰਵਾਰਾਂ ਦੀਆਂ ਬੀਬੀਆਂ

[ਬਾਕੀ ਦੇਖੋ ਸਫ਼ਾ ੩੦ ਦੇ ਹੇਠ]



www.AKJ.Org

# ਇਕ ਸਿੱਖ ਨੌਜਵਾਨ ਦੀ ਬੇਮਿਸਾਲ ਕੁਰਬਾਨੀ

[ਵਲੋਂ—ਪ੍ਰੋਫੈਸਰ ਪ੍ਰੀਤਮ ਸਿੰਘ ਜੀ]

ਨੋਟ—ਸਿੰਗਾਪੁਰ ਦੇ ਇਕ ਸਿਖ ਨੌਜਵਾਨ ਨਾਲ ਯੂ. ਐਸ. ਏ. ਦੇ ਫ਼ੌਜੀ ਅਫਸਰਾਂ ਵਲੋਂ ਕੀਤੇ ਧਾਰਮਿਕ ਵਿਤਕਰੇ ਦੇ ਆਧਾਰ ਉਤੇ ਉਸ ਨੂੰ ਉਚੇਰੀ ਫ਼ੌਜੀ ਸਿਖਲਾਈ ਤੋਂ ਵਾਂਝਿਆਂ ਰਖਿਆ ਗਿਆ। ਉਸ ਨੌਜਵਾਨ ਨੇ ਆਪਣੇ ਭਵਿਖ ਨੂੰ ਬਰਬਾਦ ਹੁੰਦਾ ਵੇਖ ਕੇ ਵੀ ਦ੍ਰਿੜ੍ਹ ਵਿਸ਼ਵਾਸ, ਅਸੂਲ-ਪ੍ਰਸਤੀ ਤੇ ਆਦਰਸ਼ ਪਾਲ ਕੁਰਬਾਨੀ ਦਾ ਸਬੂਤ ਦਿੰਦਿਆਂ ਆਪਣੀ ਸਾਬਤ ਸੂਰਤ ਨੂੰ ਕਾਇਮ ਰਖਿਆ। ਅਸੀਂ ਸ਼ਰੋਮਣੀ ਗੁ: ਪ੍ਰ: ਕਮੇਟੀ, ਚੀਫ਼ ਖ਼ਾਲਸਾ ਦੀਵਾਨ ਤੇ ਹੋਰ ਪੰਥ ਦੀਆਂ ਮੁਖੀ ਸੰਸਥਾਵਾਂ ਨੂੰ ਬਿਨੈ ਕਰਦੇ ਹਾਂ ਕਿ ਉਹ ਇਸ ਸੰਬੰਧ ਵਿਚ ਯੂ. ਐਸ. ਏ. ਸਰਕਾਰ ਨੂੰ ਪੁਰ-ਜ਼ੋਰ ਰੋਸ ਪ੍ਰਗਟ ਕਰਨ। —ਸੰਪਾਦਕ

......੧੯੯੩ ਵਿਚ ਯੂ.ਐਸ.ਏ. ਦੇ ਫੌਜੀ ਕਾਨੂੰਨ ਵਲੋਂ ਇਕ ਹੋਰ ਸਿੱਖ ਨੌਜਵਾਨ ਨਾਲ ਹੋਏ ਗੰਭੀਰ ਧਾਰਮਿਕ ਵਿਤਕਰੇ ਦਾ ਹੁਣੇ ਪਤਾ ਲੱਗਾ ਹੈ। ਬਦਕਿਸਮਤੀ ਨਾਲ ਇਹ ਵਿਤਕਰਾ ਦੁਨੀਆ ਦੀ ਪ੍ਰੈਸ ਦੇ ਨੋਟਿਸ ਵਿਚ ਨਹੀਂ ਆਇਆ। ਇਥੋਂ ਤੱਕ ਕਿ ਸਿੱਖ ਅਖਬਾਰਾਂ ਨੂੰ ਵੀ ਇਸ ਘਟਨਾ ਦੀ ਉੱਕੀ ਕੋਈ ਸੂਹ ਨਹੀਂ ਮਿਲੀ। ਇਸ ਘਟਨਾ ਦਾ ਵੇਰਵਾ ਇਸ ਤਰ੍ਹਾਂ ਹੈ :—

ਸ: ਗੁਰਮਤਪਾਲ ਸਿੰਘ, ਸਪੁਤਰ ਸ: ਸਵਰਨ ਸਿੰਘ ਕੁਲਾਰ (ਪਿਛਲਾ ਪਿੰਡ ਸੰਸਾਰ ਪੁਰ ਜ਼ਿਲਾ ਜਲੰਧਰ) ਇਕ ਨਰੋਈ ਸਿਹਤ ਵਾਲਾ ਕੇਸਾਧਾਰੀ ਨੌਜਵਾਨ ਹੈ। ਉਸ ਦਾ ਜਨਮ ੧੭ ਜੂਨ, ੧੯੬੧ ਨੂੰ ਸਿੰਗਾਪੁਰ ਵਿਚ ਹੋਇਆ। ਉਸ ਨੇ ਬੀ.ਏ. ਦਾ ਪਹਿਲਾ ਭਾਗ ਆਪਣੇ ਦੇਸ਼ ਸਿੰਗਾਪੁਰ ਵਿਚ ੧੯੮੦ ਵਿਚ ਪਾਸ ਕੀਤਾ। ਸਿੰਗਾਪੁਰ ਰੀਪਬਲਿਕ ਦੇ ਕਾਨੂੰਨ ਅਨੁਸਾਰ ਹਰ ਨੌਜਵਾਨ ਨੂੰ ਫ਼ੌਜੀ ਸਿਖਲਾਈ ਲੈਣੀ ਪੈਂਦੀ ਹੈ। ਆਪਣੇ ਦੇਸ਼ ਦੇ ਕਾਨੂੰਨ ਦੀ ਲੋੜ ਪੂਰੀ ਕਰਨ ਲਈ ਗੁਰਮਤਪਾਲ ਸਿੰਘ ਮਾਰਚ, ੧੯੮੧ ਵਿਚ ਕੰਪਲਸਰੀ ਨੈਸ਼ਨਲ ਸਰਵਿਸ ਵਿਚ ਭਰਤੀ ਹੋਇਆ। ਆਪਣੀ ਉੱਤਮ ਕਾਰਗੁਜ਼ਾਰੀ ਕਰਕੇ ਚਾਰ ਮਹੀਨਿਆਂ ਦੇ ਅੰਦਰ ਅੰਦਰ ਉਸ ਦੀ ਚੋਣ ਸਿੰਗਾਪੁਰ ਦੀ ਹਵਾਈ ਸੇਵਾ ਵਿਚ 'ਪਾਇਲਿਟ ਟਰੇਨੀ' ਦੀ ਹੈਸੀਅਤ ਵਿਚ ਹੋ ਗਈ। ਜੁਲਾਈ, ੧੯੮੧ ਤੋਂ ਫਰਵਰੀ, ੧੯੮੩ ਤੱਕ ਟਰੇਨਿੰਗ ਲੈਣ ਪਿੱਛੋਂ ਉਸ ਨੇ ਬੜੀ ਅੱਛੀ ਪੋਜ਼ੀਸ਼ਨ ਉੱਤੇ ਪਾਇਲਟ ਦਾ ਇਮਤਿਹਾਨ ਪਾਸ ਕੀਤਾ। ਉਸ ਨੂੰ ਹੁਸ਼ਿਆਰ ਵੇਖ ਕੇ ਫ਼ਰਵਰੀ ਤੋਂ ਮਈ ੧੯੮੩ ਤੱਕ 'ਫ਼ਾਈਟਰ-ਲੀਡ-ਇਨ' ਦੇ ਉਚੇਰੇ ਕੋਰਸ ਲਈ ਚੁਣ ਲਿਆ ਗਿਆ। ਜਿਹੜੇ ਨੌਜਵਾਨ ਇਸ ਔਖੇ ਕੋਰਸ ਵਿਚੋਂ ਪਾਸ ਹੋ ਜਾਂਦੇ ਹਨ, ਉਨ੍ਹਾਂ ਵਿਚੋਂ ਚੋਣਵੇਂ ਹਵਾਬਾਜ਼ਾਂ ਨੂੰ ਸਿੰਗਾਪੁਰ ਦੀ ਯੂ. ਐਸ. ਏ. ਨਾਲ ਹੋਈ ਸੰਧੀ ਅਧੀਨ 'ਔਪਰੇਸ਼ਨਲ ਕਨਵਰਯਨ ਕੋਰਸ' ਦੀ ਉਚੇਰੀ ਟਰੇਨਿੰਗ ਦੀ ਖ਼ਾਤਰ ਛੇ ਮਹੀਨੇ ਲਈ ਯੂ. ਐਸ. ਏ. ਦੀ ਜਲ-ਸੈਨਾ ਵਿਚ ਭੇਜਿਆ ਜਾਂਦਾ ਹੈ। ਸ: ਗੁਰਮਤਪਾਲ ਸਿੰਘ 'ਫਾਈਟਰ-ਲੀਡ-ਇਨ' ਕੋਰਸ ਦੀਆਂ ਸਾਰੀਆਂ ਸਖ਼ਤ ਕਸਵੱਟੀਆਂ ਉੱਤੇ ਬੜੀ ਸ਼ਾਨ ਨਾਲ ਪੂਰਾ ਉੱਤਰਿਆ, ਜਿਸ ਕਰਕੇ ਉਸ ਨੂੰ ਸਿੰਗਾਪੁਰ ਦੀ ਸਰਕਾਰ ਵਲੋਂ ਅੰਤਿਮ ਉਚੇਰੀ ਸਿਖਲਾਈ ਲਈ, ਯੂ. ਐਸ. ਏ. ਦੀ ਜਲ-ਸੈਨਾ ਨਾਲ ਸਬੰਧਤ ਹੋਣ ਬਾਰੇ ਉਸ ਦੇ ਹੱਕ ਵਿਚ ਹੁਕਮ ਜਾਰੀ ਕਰ ਦਿੱਤੇ ਗਏ। ਜਦੋਂ ਗੁਰਮਤਪਾਲ ਸਿੰਘ ਨੇ ਯੂ.ਐਸ.ਏ. ਵਿਚ ਪਹੁੰਚ ਕੇ ਜਲ-ਸੈਨਾ ਨੂੰ ਰਿਪੋਟ ਕੀਤੀ ਤਾਂ ਅਧਿਕਾਰੀਆਂ ਨੂੰ ਇਕ ਕੇਸਾਧਾਰੀ ਨੌਜਵਾਨ ਆਪਣੇ ਸਾਹਮਣੇ ਖੜ੍ਹਾ ਦਿਸਿਆ। ਉਸ ਨੂੰ ਵੇਖਦੇ ਸਾਰ ਅਮਰੀਕਨ ਅਫਸਰਾਂ ਵਲੋਂ ਹੁਕਮ ਸੁਣਾਇਆ ਗਿਆ ਕਿ ਸਾਡੇ ਪਾਸੋਂ ਸਿਖਲਾਈ ਲੈਣੀ ਹੈ ਤਾਂ ਫ਼ੌਰਨ ਆਪਣੇ ਕੇਸਾਂ ਤੇ ਦਾੜ੍ਹੀ ਉੱਤੇ ਉਸਤਰਾ ਫਿਰਵਾ ਕੇ ਆਓ, ਵਰਨਾ ਤੁਹਾਨੂੰ ਵਾਪਸ ਸਿੰਗਾਪੁਰ ਜਾਣਾ ਪਵੇਗਾ।

ਨੌਜਵਾਨ ਗੁਰਮਤਪਾਲ ਸਿੰਘ ਇਕ ਪਲ ਲਈ ਵੀ ਕਿਸੇ ਜੱਕੋ ਤੱਕੇ ਵਿਚ ਨਾ ਪਿਆ ਤੇ ਆਪਣੀ ਉੱਚਤਮ ਪੱਧਰ ਦੀ ਟਰੇਨਿੰਗ ਤੇ ਭਵਿੱਖ ਦੇ ਸਾਰੇ ਸੁਨਹਿਰੀ ਸੁਫ਼ਨਿਆਂ ਨੂੰ ਲੱਤ ਮਾਰ ਕੇ ਆਪਣੇ ਦੇਸ਼ ਸਿੰਗਾਪੁਰ ਵਾਪਸ ਆ ਗਿਆ। ਕੋਈ ਹੈ ਜਿਸ ਨੂੰ ਇਹ ਦੱਸਣ ਦੀ ਲੋੜ ਹੋਵੇ ਕਿ ਦਾੜ੍ਹੀ ਰੱਖਣ ਦਾ ਰਿਵਾਜ ਦੁਨੀਆ ਭਰ ਦੇ ਮਲਾਹਾਂ ਤੇ



www.AKJ.Org

ਜਲ-ਸੈਨਿਕਾਂ ਵਿਚ ਮੌਜੂਦ ਹੈ। ਭਾਰਤ ਦੀ ਵਾਯੂ-ਸੈਨਾ, ਜਲ–ਸੈਨਾ ਤੇ ਥਲ-ਸੈਨਾ ਵਿਚ ਦਾੜ੍ਹੀ ਕੇਸਾਂ ਵਾਲੇ ਸਿੱਖ ਬੜੇ ਕਾਮਯਾਬ ਸੈਨਿਕ ਮੰਨੇ ਜਾਂਦੇ ਹਨ। ਭਾਰਤੀ ਵਾਯੂ-ਸੈਨਾ ਵਿਚ ਮਿਹਰ ਸਿੰਘ ਦੀ ਦਲੇਰੀ ਇਕ ਅਮੁੱਕ ਦੰਦ ਕਥਾ ਬਣ ਚੁੱਕੀ ਹੈ। ਕੁਝ ਚਿਰ ਪਹਿਲਾਂ ਸ: ਅਰਜਨ ਸਿੰਘ ਹਵਾਈ ਫੌਜ ਦੇ ਸਿਰਮੌਰ ਸਨ ਤੇ ਹੁਣ ਸ: ਦਿਲਬਾਗ ਸਿੰਘ ਹੁਰੀਂ ਉਹੀ ਸੇਵਾ ਬੜੀ ਪ੍ਰਬੀਨਤਾ ਨਾਲ ਨਿਭਾ ਰਹੇ ਹਨ। ਉਨ੍ਹਾਂ ਦੇ ਕੇਸਾਂ ਨੇ ਉਨ੍ਹਾਂ ਦੀ ਹਵਾਬਾਜ਼ੀ ਜਾਂ ਲੜਨ-ਯੋਗਤਾ ਵਿਚ ਕੋਈ ਵਿਘਨ ਨਹੀਂ ਪਾਇਆ।

ਯੂ.ਐਸ.ਏ. ਦੀ ਸਰਕਾਰ ਵਲੋਂ ਰਿਪਬਲਿਕ ਆਫ਼ ਸਿੰਗਾਪੁਰ ਦੇ ਇਕ ਹੋਣਹਾਰ ਨੌਜਵਾਨ ਸਿੱਖ ਸੈਨਿਕ ਨੂੰ ਧਾਰਮਿਕ ਵਿਤਕਰੇ ਦੇ ਆਧਾਰ ਉੱਤੇ ਉਚੇਰੀ ਸਿਖਲਾਈ ਤੋਂ ਵਾਂਝਿਆਂ ਰੱਖਣ ਦੇ ਵਿਰੁੱਧ ਸਿੱਖਾਂ ਨੂੰ ਤਾਂ ਰੋਸ ਹੋਣਾ ਹੀ ਚਾਹੀਦਾ ਹੈ, ਮੇਰੇ ਖਿਆਲ ਵਿਚ ਹਰ ਧਰਮ-ਨਿਰਪੇਖ ਵਿਅਕਤੀ ਵਲੋਂ ਵੀ ਇਸ ਵਿਤਕਰੇ ਵਿਰੁੱਧ ਤਿੱਖਾ ਪ੍ਰਤਿਕਰਮ ਪ੍ਰਗਟ ਹੋਣਾ ਚਾਹੀਦਾ ਹੈ ਤੇ ਗੁਰਮਤਪਾਲ ਸਿੰਘ ਨੂੰ ਉਸ ਦੀ ਅਸੂਲ-ਪ੍ਰਸਤੀ, ਦ੍ਰਿੜ੍ਹਤਾ ਤੇ ਕੁਰਬਾਨੀ ਉੱਤੇ ਸ਼ਾਬਾਸ਼ ਦੇਣੀ ਚਾਹੀਦੀ ਹੈ।

ਮੈਂ ਗੁਰਮਤਪਾਲ ਸਿੰਘ ਨੂੰ ੧੯੮੩ ਵਿਚ ਸਿੰਗਾਪੁਰ ਦੇ ਇਕ ਗੁਰਦੁਆਰੇ ਵਿਚ ਮਿਲਿਆ ਸੀ। ਉਸ ਨੇ ਆਪਣੀ ਕੇਸਕੀ ਉੱਤੇ ਕਾਲੀ ਦਸਤਾਰ ਸਵਾਰ ਕੇ ਬੰਨ੍ਹੀ ਹੋਈ ਸੀ। ਉਸ ਦੀ ਨਿੱਕੀ ਨਿੱਕੀ ਖੁੱਲ੍ਹੀ ਦਾੜ੍ਹੀ ਨੇ ਉਸ ਦੇ ਖ਼ੂਬਸੂਰਤ ਚਿਹਰੇ ਨੂੰ ਇਕ ਫਬਵੇਂ ਫ਼ਰੇਮ ਦੀ ਤਰਾਂ ਕੱਜਿਆ ਹੋਇਆ ਸੀ। ਉਸ ਦੀ ਹਰ ਹਰਕਤ ਵਿਚ ਇਕ ਫੌਜੀ ਸੰਜਮ ਸੀ ਤੇ ਉਸ ਦੀ ਹਰ ਗੱਲ ਭਰੋਸੇ ਭਰੀ ਸੀ। ਮੈਂ ਉਸ ਨੂੰ ਪੁੱਛਿਆ, "ਮੈਂ ਸੁਣਿਐ ਕਿ ਜਦੋਂ ਅਮਰੀਕਨ ਜਲ–ਸੈਨਾ ਦੇ ਅਫ਼ਸਰਾਂ ਨੇ ਤੁਹਾਡੇ ਉੱਤੇ ਕੇਸ ਦਾੜ੍ਹੀ ਮੁਨਾਉਣ ਦੀ ਸ਼ਰਤ ਲਾਈ ਤਾਂ ਤੁਸੀਂ ਆਪਣੇ ਮਾਪਿਆਂ ਤੋਂ ਪੁੱਛੇ ਬਿਨਾਂ ਉੱਥੇ ਖੜੇ ਖੜੋਤੇ ਇਹੋ ਜਿਹੀ ਕੋਈ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।"

ਉਹ ਬੋਲਿਆ, 'ਤੁਸੀਂ ਠੀਕ ਸੁਣਿਐ ਜੀ।'

ਮੈਂ ਕਿਹਾ, 'ਕੀ ਇਹ ਸ਼ਰਤ ਧਾਰਮਿਕ ਵਿਤਕਰੇ ਕਰਕੇ ਲਾਈ ਗਈ ?'

ਉਸ ਨੇ ਕਿਹਾ, 'ਇਹ ਸ਼ਰਤ ਯੂ. ਐਸ. ਏ. ਦੀ ਨੇਵੀ ਦੇ ਨਿਯਮਾਂ ਦੀ ਪੂਰਤੀ ਲਈ ਲਾਈ ਗਈ ਹੋਵੇਗੀ, ਪਰ ਹੋ ਗਿਆ ਵਿਤਕਰਾ।'

'ਪਰ ਸੰਧੀ ਅਧੀਨ ਆਪਣੇ ਕਿਸ ਸ਼ਹਿਰੀ ਨੂੰ ਕਿਹੜੀ ਟ੍ਰੇਨਿੰਗ ਦਿਵਾਉਣੀ ਹੈ, ਇਸਦਾ ਫੈਸਲਾ ਸਿੰਗਾਪੁਰ ਦੀ ਆਜ਼ਾਦ ਸਰਕਾਰ ਨੇ ਕਰਨਾ ਹੁੰਦਾ ਹੈ ਕਿ ਯੂ. ਐਸ. ਏ. ਦੀ ਸਰਕਾਰ ਨੇ ?' ਮੈਂ ਪੁੱਛਿਆ।

'ਇਸ ਸਵਾਲ ਦਾ ਸਬੰਧ ਉਚੇਰੀ ਰਾਜਨੀਤੀ ਨਾਲ ਹੈ, ਜਿਸ ਬਾਰੇ ਮੈਂ ਕੁੱਝ ਨਹੀਂ ਕਹਿਣਾ ਚਾਹੁੰਦਾ। ਹਾਂ, ਇਕ ਗੱਲ ਸਪੱਸ਼ਟ ਹੈ ਕਿ ਮੇਰਾ ਦੇਸ਼ ਆਜ਼ਾਦ ਹੈ ਤੇ ਉਸ ਦੀ ਚੋਣ ਵਿਚ ਕਿਸੇ ਹੋਰ ਦੇਸ਼ ਦੇ ਦਖਲ ਦਾ ਸਵਾਲ ਹੀ ਪੈਦਾ ਨਹੀਂ ਹੋਣਾ ਚਾਹੀਦਾ।' ਉਸ ਨੇ ਜਵਾਬ ਦਿੱਤਾ।

ਮੈਂ ਪੁਛਿਆ, 'ਤੁਹਾਨੂੰ ਆਪਣੇ ਕੀਤੇ ਉੱਤੇ ਕੋਈ ਪਛਤਾਵਾ ਤਾਂ ਨਹੀਂ ?'

ਮੇਰਾ ਇਹ ਸਵਾਲ ਸੁਣ ਕੇ ਉਸ ਦੇ ਬੁੱਲ੍ਹਾਂ ਉੱਤੇ ਖੇਡਦੀ ਕੁਦਰਤੀ ਮੁਸਕਰਾਹਟ ਨੇ ਉਸ ਦਾ ਸਾਰਾ ਚਿਹਰਾ ਮੱਲ ਲਿਆ ਤੇ ਉਹ ਬੋਲਿਆ, "ਸੋਚ ਸਮਝ ਕੇ ਕੀਤੇ ਫ਼ੈਸਲੇ ਦਾ ਪਛਤਾਵਾ ਕਿਉਂ ਹੋਣਾ ਸੀ ਜੀ ?"

'ਤੁਹਾਨੂੰ ਜੇ ਮੁੜ ਕੇ ਉਹੀ ਫ਼ੈਸਲਾ ਕਰਨਾ ਪੈ ਜਾਏ, ਫੇਰ ਕੀ ਕਰੋਗੇ ?

'ਮੇਰਾ ਖ਼ਿਆਲ ਹੈ, ਅੱਗੇ ਵਾਲੀ ਹਾਲਤ ਵਿਚ ਅੱਗੇ ਵਾਲਾ ਫੈਸਲਾ ਹੀ ਕਰਾਂਗਾ।'

ਗੁਰਮਤਪਾਲ ਸਿੰਘ ਦਾ ਪਿਤਾ, ਉਸ ਵੇਲੇ ਉਸ ਦੇ ਨਾਲ ਸੀ। ਮੈਂ ਉਸ ਵਲ ਇਸ਼ਾਰਾ ਕਰ ਕੇ ਪੁੱਛਿਆ, 'ਆਪਣੀਆਂ ਆਸਾਂ ਉੱਤੇ ਪਾਣੀ ਫਿਰਿਆ ਵੇਖ ਕੇ ਤੁਹਾਡੇ ਮਾਪਿਆਂ ਦਾ ਪ੍ਰਤੀਕਰਮ ਤੁਹਾਡੇ ਵਿਰੁੱਧ ਤਾਂ ਨਹੀਂ ਸੀ ?'

'ਉਹ ਮੇਰੇ ਵਲੋਂ ਚੁੱਕੇ ਗਏ ਕਦਮ ਉੱਤੇ ਖੁਸ਼ ਤੇ ਸੰਤੁਸ਼ਟ ਹਨ।' ਉਸ ਨੇ ਜਵਾਬ ਦਿੱਤਾ।

'ਸਿੰਗਾਪੁਰ ਦੀ ਸਰਕਾਰ ਨੇ ਤੁਹਾਡੇ ਕੇਸ ਬਾਰੇ ਯੂ. ਐਸ. ਏ. ਦੀ ਸਰਕਾਰ ਪਾਸ ਕੋਈ ਰੋਸ ਪ੍ਰਗਟ ਕੀਤਾ ਹੈ ਕਿ ਨਹੀਂ ?



www.AKJ.Org

'ਮੈਨੂੰ ਪਤਾ ਨਹੀਂ, ਪਰ ਜੇ ਮੈਨੂੰ ਪਤਾ ਹੋਵੇ ਤਾਂ ਵੀ ਮੈਂ ਆਪਣੀ ਸਰਕਾਰ ਦੀਆਂ ਅੰਦਰਲੀਆਂ ਗੱਲਾਂ ਕਿਸੇ ਨੂੰ ਦੱਸਣ ਲਈ ਤਿਆਰ ਨਹੀਂ ਹੋਵਾਂਗਾ।' ਤੇ ਕੁੱਝ ਪਲ ਠਹਿਰਨ ਪਿੱਛੋਂ ਉਹ ਫੇਰ ਬੋਲਿਆ, 'ਜੇ ਤੁਸੀਂ ਇਸ ਘਟਨਾ ਬਾਰੇ ਭਾਰਤ ਵਿਚ ਜਾ ਕੇ ਕੁਝ ਲਿਖਣਾ ਚਾਹੋ ਤਾਂ ਚੇਤੇ ਰੱਖਿਓ ਕਿ ਮੇਰਾ ਦੇਸ਼ ਸਿੰਗਾਪੁਰ, ਜਿਸ ਨੂੰ ਮੈਂ ਬੜਾ ਪਿਆਰ ਕਰਦਾ ਹਾਂ, ਕਿਸੇ ਪੱਧਰ ਉੱਤੇ, ਭਾਵੇਂ ਉਹ ਫੌਜੀ ਹੋਵੇ ਭਾਵੇਂ ਗ਼ੈਰ-ਫੌਜੀ, ਧਾਰਮਿਕ ਵਿਤਕਰੇ ਨੂੰ ਅਸਲੋਂ ਜਾਇਜ਼ ਨਹੀਂ ਸਮਝਦਾ।'

ਉਸ ਤੋਂ ਵਿਦਾਇਗੀ ਲੈਣ ਤੋਂ ਪਹਿਲਾਂ ਮੈਂ ਉਸ ਨੂੰ ਟੋਹਣ ਲਈ ਆਖ਼ਰੀ ਸਵਾਲ ਇਸ ਤਰ੍ਹਾਂ ਪੁੱਛਿਆ, 'ਸ: ਗੁਰਮਤਪਾਲ ਸਿੰਘ, ਆਪਾਂ ਗੁਰਦੁਆਰੇ ਬੈਠੇ ਹਾਂ ਤੇ ਮੈਂ ਤੁਹਾਡੇ ਵਿਚਾਰਾਂ ਤੋਂ ਵੀ ਜਾਣੂ ਹੋ ਚੁੱਕਾ ਹਾਂ, ਇਸ ਲਈ ਮੇਰੇ ਸਵਾਲ ਨੂੰ ਗਲਤ ਸਮਝਣ ਦੀ ਕੋਸ਼ਿਸ਼ ਨਾ ਕਰਨੀ। ਮੈਂ ਤੁਹਾਥੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕੇਸ ਗਵਾ ਲੈਂਦੇ ਤਾਂ ਤੁਹਾਡਾ ਕੀ ਨੁਕਸਾਨ ਹੋਣਾ ਸੀ?'

'ਮੇਰੇ ਕੇਸ ਮੈਨੂੰ ਸਿੰਗਾਪੁਰ ਬੈਠੇ ਨੂੰ ਤੁਹਾਡੇ ਨਾਲ ਤੇ ਦੁਨੀਆ ਦੇ ਸਾਰੇ ਸਿੱਖਾਂ ਨਾਲ ਜੋੜਦੇ ਹਨ। ਇਹ ਮੇਰੇ ਸ਼ਿਖ ਧਰਮ ਦੀ ਨਿਸ਼ਾਨੀ ਹਨ ਤੇ ਸਿੱਖ ਧਰਮ ਮੈਨੂੰ ਚੰਗੇ ਪਾਸੇ ਲੱਗਣ ਦੀ ਪ੍ਰੇਰਨਾ ਦੇਂਦਾ ਆਇਆ ਹੈ। ਮੈਨੂੰ ਆਪਣੇ ਸਿੱਖ ਵੀਰਾਂ ਦਾ ਇਤਿਹਾਸ ਪੜ੍ਹ ਕੇ ਬੜਾ ਉਤਸ਼ਾਹ ਤੇ ਹੌਸਲਾ ਮਿਲਦਾ ਹੈ। ਮੈਂ ਕੇਸ ਕਟਾ ਕੇ ਇਨ੍ਹਾਂ ਸਾਰੇ ਸਬੰਧਾਂ ਨਾਲੋਂ ਟੁੱਟ ਜਾਣਾ ਸੀ।' ਉਸ ਨੇ ਬੜੇ ਭਰੋਸੇ ਵਾਲੀ ਸੁਰ ਵਿਚ ਕਿਹਾ।

ਗੁਰਮਤਪਾਲ ਸਿੰਘ ਦੇ ਭਵਿੱਖ ਬਾਰੇ ਸ਼ੁਭ ਚਿੰਤਾ ਪ੍ਰਗਟਾਉਂਦਾ ਜਦੋਂ ਮੈਂ ਉਸ ਪਾਸੋਂ ਤੇ ਉਸ ਦੇ ਪਿਤਾ ਪਾਸੋਂ ਵਿਦਾ ਹੋਇਆ ਤਾਂ ਉਸ ਨੌਜਵਾਨ ਸਿੰਗਾਪੁਰੀ ਸਿੱਖ ਦੇ ਦ੍ਰਿੜ੍ਹ ਵਿਸ਼ਵਾਸ, ਅਸੂਲ-ਪ੍ਰਸਤੀ ਤੇ ਆਦਰਸ਼-ਪਾਲ ਕੁਰਬਾਨੀ ਦੇ ਸਾਹਮਣੇ ਮੈਨੂੰ ਆਪਣਾ ਆਪ ਬਹੁਤ ਛੋਟਾ ਛੋਟਾ ਲੱਗਾ। —ਅਜੀਤ ੨੦-੫-੮੪

---

[ਸਫ਼ਾ ੨੭ ਦੀ ਬਾਕੀ]

ਦਸਤਾਰਾਂ ਸਜਾਈ ਨਜ਼ਰੀਂ ਆਉਂਦੀਆਂ ਹਨ।

ਇਸ ਸੰਬੰਧੀ ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ਨੇ ਪੁਰਾਤਨ ਭੱਟ-ਵਹੀਆਂ ਦਾ ਅਧਿਐਨ ਕਰਦਿਆਂ ਪ੍ਰਮਾਣੀਕ ਸਬੂਤ ਲਭਾ ਹੈ :—

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਵਾਂ, ਬੇਟਾ ਗੁਰੂ ਤੇਗ਼ ਬਹਾਦਰ ਜੀ ਕਾ, ਸਾਲ ਸਤ੍ਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖੰਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ। ਪ੍ਰਿਥਮੈ ਦਯਾ ਰਾਮ ਸੋਪਤੀ ਖਤ੍ਰੀ ਬਾਸੀ ਲਾਹੌਰ ਖੜਾ ਹੂਆ, ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ—ਬਾਰੋ ਬਾਰੀ ਖੜੇ ਹੂਏ, ਸਭ ਕੋ ਨੀਲੰਬਾਰ ਪਹਿਨਾਇਆ, ਵਹੀ ਵੇਸ ਅਪਨਾ ਕੀਆ। ਹੁੱਕਾ, ਹਲਾਲ, ਹਜ਼ਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ। ਮੀਣੇ, ਧੀਰਮਲੀਏ, ਰਾਮਰਾਈਏ, ਸਿਰਗੁੰਮੇ, ਮਸੰਦੋਂ ਕੀ ਵਰਤਣ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ, ਸਭ ਕੋ ਦੀਆ, ਸਭ ਕੇਸਾਧਾਰੀ ਕੀਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ। ਆਗੈ ਗੁਰੂ ਕੀ ਸਤਿਗੁਰੂ ਜਾਣੈ, ਗੁਰੂ ਗੁਰੂ ਜਪਣਾ, ਗੁਰੂ ਹਰ ਥਾਈਂ ਸਹਾਈ ਹੋਗੁ।" —ਭੱਟ ਵਹੀ ਪਰਗਣਾ ਥਾਨੇਸ਼ਰ

ਉਪਰੋਕਤ ਪੁਰਾਤਨ ਲਿਖਤ ਵਿਚ ਪੰਜਾਂ ਕਕਾਰਾਂ ਵਿਚ ਸਪਸ਼ਟ 'ਕੇਸਗੀ' ਸ਼ਬਦ ਲਿਖਿਆ ਮਿਲਿਆ ਹੈ। ਲੋੜ ਹੈ ਕਿ ਸਾਡੀਆਂ ਸਮੁਚੀਆਂ ਪੰਥਕ ਜਥੇਬੰਦੀਆਂ ਸਾਂਝੇ ਤੌਰ ਤੇ ਇਸ ਰਹਿਤ ਬਾਰੇ ਵਿਚਾਰ ਕਰ ਕੇ, ਇਸ ਦੇ ਸਾਰੇ ਪਹਿਲੂ ਉਜਾਗਰ ਕਰਨ।*

---

ਲੇਖਕ ਨੇ ਉਪਰੋਕਤ ਲੇਖ ਵਿਸਥਾਰ ਸਹਿਤ ਟੂਕਾਂ ਤੇ ਟਿਪਣੀਆਂ ਦੇ ਕੇ ਛੇ ਕੁ ਪੰਨਿਆਂ ਦਾ ਭੇਜਿਆ ਸੀ, ਅਸੀਂ ਇਸ ਲੇਖ ਦਾ ਸੰਖੇਪ ਰੂਪ ਦੇ ਰਹੇ ਹਾਂ। ਇਸ ਬਾਰੇ 'ਸੂਰਾ' ਵਿਚ ਪਿਛੇ ਕਾਫੀ ਲੇਖ ਛਪ ਚੁਕੇ ਹਨ ਅਤੇ ਚੋਣਵੇਂ ਲੇਖਾਂ ਦੀ ਇਕ ਵਖਰੀ ਪੁਸਤਕਾ ਵੀ 'ਸੂਰਾ' ਵਲੋਂ ਛਪੀ ਹੋਈ ਮਿਲ ਸਕਦੀ ਹੈ।



www.AKJ.Org

# ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਇਸ਼ਨਾਨ

[ਵਲੋਂ —ਇਕ ਵਿਦਿਆਰਥੀ, ਸੁਖਵਿੰਦਰ ਸਿੰਘ ਜੀ, ਪਟਿਆਲਾ]

ਸਿੰਘਾਂ ਦੀ ਦਿਲੋ-ਜਾਨ ਸ੍ਰੀ ਅੰਮ੍ਰਿਤਸਰ ਸਾਹਿਬ ! ਧੰਨ ਧੰਨ ਸ੍ਰੀ ਹਰਿਮੰਦਰ ਸਾਹਿਬ ! ਧੰਨ ਸ੍ਰੀ ਅੰਮ੍ਰਿਤਸਰ ਸਾਹਿਬ ! ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਠੀਕ ਇਥੇ ਹੀ ਢੁਕਦਾ ਹੈ—

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸ ਹੋਹਿ ॥ (੪੯੩)

ਅਤੇ ਫਿਰ ਗੁਰੂ ਅਰਜਨ ਪਾਤਿਸ਼ਾਹ ਜੀ ਫੁਰਮਾਂਦੇ ਹਨ—

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥
ਹਰਿ ਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥ (੧੩੬੨)

'ਸਿਫਤੀ ਦੇ ਘਰ' ਸ੍ਰੀ ਅੰਮ੍ਰਿਤਸਰ ਦੇ ਅੰਮ੍ਰਿਤ-ਸਰੋਵਰ ਵਿਚ ਸ਼ਰਧਾ-ਭਾਵਨੀ ਸਹਿਤ ਇਸ਼ਨਾਨ ਕਰਨ ਨਾਲ ਜਨਮ-ਜਨਮਾਂਤਰਾਂ ਦੇ ਪਾਪ ਕਸੰਮਲ ਤੇ ਦੀਰਘ ਰੋਗ ਭਜ ਜਾਂਦੇ ਹਨ। ਇਥੇ ਗੁਰੂ ਪਾਤਸ਼ਾਹ ਦੀ ਕਲਾ ਵਰਤਦੀ ਹੈ ਅਤੇ ਪ੍ਰਭੂ ਚੇਤੇ ਆਉਂਦਾ ਹੈ। ਸਾਹਿਬਾਂ ਦਾ ਹੁਕਮ ਹੈ—

ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥
ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ, ਉਧਾਰੁ ਹੋਆ ਹੈ ਜੀ ਕਾ ॥੧॥ਰਹਾਉ॥
ਜੈ ਜੈਕਾਰੁ ਜਗੁ ਗਾਵੈ ॥ ਮਨ ਚਿੰਦਿਅੜਾ ਫਲ ਪਾਵੈ ॥
ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨॥ (੬੨੩)

ਅਤੇ ਫਿਰ—ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ ॥
ਸਹੀ ਸਲਾਮਤਿ ਸਭਿ ਥੋਕ ਉਬਾਰੇ, ਗੁਰ ਕਾ ਸਬਦੁ ਵੀਚਾਰੇ ॥ਰਹਾਉ॥ (੬੨੫)

ਧੰਨ ਧੰਨ ਸ੍ਰੀ ਅੰਮ੍ਰਿਤਸਰ ਸਾਹਿਬ, ਜਿਸ ਦੀ ਪਵਿਤਰਤਾ ਲਈ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਸੀਸ ਤਲੀ ਤੇ ਰਖ ਕੇ ਕੁਰਬਾਨੀ ਦਿਤੀ। ਭਾਈ ਮਹਿਤਾਬ ਸਿੰਘ ਤੇ ਭਾਈ ਸੁਖਾ ਸਿੰਘ, ਪਾਪੀ ਮੱਸੇ ਰੰਗੜ ਦਾ ਸਿਰ ਵਢਣ ਵਾਸਤੇ ਰਾਜਿਸਥਾਨ ਤੋਂ ਆਏ, ਅਤੇ ਕਰੜੇ ਮੁਗਲਈ ਪਹਿਰੇ ਵਿਚ ਵੀ ਧਰਮ ਦੇ ਦੋਖੀ ਨੂੰ ਪਾਰ ਬੁਲਾਇਆ ਅਤੇ ਉਸਦਾ ਸਿਰ ਸਿੰਘਾਂ ਦੇ ਜਾ ਪੇਸ਼ ਕੀਤਾ। ਧੰਨ ਭਾਈ ਮਨੀ ਸਿੰਘ ਜੀ, ਜਿਨ੍ਹਾਂ ਨੇ ਕੇਵਲ ਅਤੇ ਕੇਵਲ ਇਸ ਲਈ ਆਪਣੇ ਸਰੀਰ ਦੇ ਅੰਗ-ਅੰਗ ਕਟਵਾਏ ਕਿ ਖਾਲਸਾ ਪੰਥ ਦੀਵਾਲੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠਾ ਹੋ ਸਕੇ।

ਪਰ ਅੱਜ ਇਹ ਸਾਡੀ ਨਿਘਰਦੀ ਦਸ਼ਾ ਹੈ ਕਿ ਕਈ ਸਿੱਖ ਸ੍ਰੀ ਅੰਮ੍ਰਿਤਸਰ ਸਿਰਫ ਇਸ ਕਰਕੇ ਨਹੀਂ ਆਉਂਦੇ ਕਿ ਉਨ੍ਹਾਂ ਨੂੰ ਐਵੇਂ ਤੌਖਲਾ ਜਿਹਾ ਹੈ, ਇਥੇ ਗੋਲੀ ਚਲਦੀ ਹੈ। ਪੁਲਿਸ ਐਵੇਂ ਸਿਖਾਂ ਨੂੰ ਮਾਰ ਦਿੰਦੀ ਹੈ। ਇਹ ਕਮਜ਼ੋਰੀ ਦਿਖਾਣੀ ਤਾਂ ਉਨ੍ਹਾਂ ਪੁਰਾਤਨ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਦਾਗ ਲਾਉਣਾ ਹੈ ਜਿਨ੍ਹਾਂ ਨੇ ਕੇਵਲ ਇਸ ਲਈ ਸ਼ਹੀਦੀਆ ਦਿੱਤੀਆਂ ਕਿ ਖਾਲਸਾ ਜੀ ਹਰਿਮੰਦਰ ਸਾਹਿਬ ਦੇ ਖੁਲ੍ਹੇ ਦਰਸ਼ਨ ਇਸ਼ਨਾਨ ਕਰ ਸਕਣ। ਉਹ ਵੀ ਸਿੰਘ ਹੀ ਸਨ, ਜੋ ਆਪਣੀ ਜਾਨ ਦੀ ਬਾਜ਼ੀ ਲਾ ਕੇ ਸ੍ਰੀ ਹਰਿਮੰਦਰ ਸਾਹਿਬ, ਜਿਥੇ ਐਸਾ ਸਖ਼ਤ ਪਹਿਰਾ ਸੀ ਕਿ ਚਿੜੀ ਦੇ ਖੰਭ ਹਿਲਾਉਣ ਦਾ ਪਤਾ ਲਗ ਜਾਂਦਾ ਸੀ, ਵਿਖੇ ਆ ਕੇ ਰੋਜ਼ ਜੋਤ ਜਗਾਉਂਦੇ ਸਨ। ਅਜਿਹੇ ਗੁਰੂ ਕੇ ਲਾਲ ਸਚਖੰਡ ਸ੍ਰੀ ਦਰਬਾਰ ਸਾਹਿਬ ਦੀ ਜੋਤ ਚਿ, ਆਪਣੇ ਖ਼ੂਨ ਦੀਆਂ ਅਹੂਤੀਆਂ ਦੇ ਕੇ ਤੇਲ ਪਾਉਂਦੇ ਰਹੇ।



www.AKJ.Org

ਦੂਜੇ ਪਾਸੇ ਅੱਜ ਅਸੀਂ ਵੀ ਸਿੱਖ ਅਖਵਾਂਦੇ ਹਨ, ਪਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਆਉਣ ਤੋਂ ਸੰਕੋਚ ਕਰਦੇ ਹਾਂ ਅਤੇ ਹੀਲੇ ਬਹਾਨੇ ਬਣਾਂਦੇ ਫਿਰਦੇ ਹਾਂ, ਪਰ ਅੰਦਰੋਂ ਡਰ ਇਹ ਹੈ ਕਿ ਮਤੇ ਕਿਤੇ ਜਾਨ ਨਾ ਗੁਆਉਣੀ ਪੈ ਜਾਵੇ। ਸਿੰਘੋ! ਜਿਸ ਸਰੋਵਰ ਦੇ ਨਿੱਤ ਇਸ਼ਨਾਨ ਲਈ ਅਤੇ ਨਾਮ-ਮਹਾਂ ਰਸ ਅੰਮ੍ਰਿਤ ਦੇ ਪੀਣ ਲਈ ਪੰਚਮ ਪਾਤਸ਼ਾਹ ਜੀ ਦਾ ਹੁਕਮ ਹੈ–

ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥ (੧੯੮)

ਉਸ ਪਵਿਤਰ ਅਸਥਾਨ ਦੇ ਦਰਸ਼ਨ ਇਸ਼ਨਾਨ ਵਾਸਤੇ ਜੇ ਜਾਨ ਭੀ ਦੇਣੀ ਪੈ ਜਾਵੇ ਤਾਂ ਕੀ ਹੈ। ਆਖ਼ਰ ਇਹ ਤਨ ਮਨ ਸਭ ਕੁਝ ਗੁਰੂ ਕਾ ਹੈ। ਅਸਾਂ ਸੀਸ ਭੇਟ ਦੇ ਕੇ ਹੀ ਤਾਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ ਹੈ। ਅਕਾਲ ਪੁਰਖ ਦੀ ਕਿਰਪਾ-ਦ੍ਰਿਸ਼ਟੀ ਦੇ ਪਾਤਰ ਹੋਣ ਲਈ ਇਹ ਮਨੁੱਖਾ ਜਨਮ ਦਾ ਸਮਾਂ ਬਹੁਤ ਹੀ ਥੋੜ੍ਹਾ ਹੈ। ਪਤਾ ਨਹੀਂ ਕਿਉਂ, ਇਸ ਖਿਨ ਭੰਗਰ ਜਨਮ ਚਿ ਅਸੀਂ ਪਾਪਾਂ ਦੀ ਗੰਠੜੀ ਭਾਰੀ ਕਰੀ ਜਾਂਦੇ ਹਾਂ। ਫੇਰ ਅਸੀਂ ਕਿਉਂ ਪਿੱਛੇ ਹਟੀਏ? ਜੇ ਇਹ ਜਾਨ ਦੇ ਕੇ ਵੀ ਸਾਰੇ ਪਾਪ ਲਹਿ ਜਾਂਦੇ ਹਨ, ਤਾਂ ਤੇ ਇਹ ਬਹੁਤ ਹੀ ਸੱਚਾ ਤੇ ਖਰਾ ਸੌਦਾ ਹੈ।

ਸਿੰਘੋ! ਹਾਲੇ ਉਹ ਸਮਾਂ ਹੀ ਨਹੀਂ ਆਇਆ ਕਿ ਦਰਸ਼ਨ-ਇਸ਼ਨਾਨ ਕਰਨ ਜਾਣ ਤੇ ਮੌਤ ਦਾ ਡਰ ਆਵੇ। ਜੇ ਸਚੇ ਪਾਤਿਸ਼ਾਹ ਨਾ ਕਰਨ, ਕੋਈ ਅਜਿਹੀ ਔਕੜ ਆ ਹੀ ਬਣੇ ਤਾਂ ਕੀ ਓਦੋਂ ਕੋਈ ਵਿਰਲਾ ਵਾਂਢਾ ਹੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਤੇ ਇਸ ਸਚਖੰਡ ਗੁਰਧਾਮ ਦੀ ਪਵਿਤਰਤਾ ਖ਼ਾਤਰ ਨਿਤਰੇਗਾ? ਨਹੀਂ, ਅਜਿਹਾ ਨਹੀਂ ਹੋ ਸਕਦਾ। ਉਹ ਵੀ ਮਰਜੀਵੜੇ ਹੀ ਸਨ ਜਿਹੜੇ ਤੁਰਕਾਂ ਦੇ ਸਖ਼ਤ ਪਹਿਰੇ ਚੋਂ ਵੀ ਨਿਕਲ ਕੇ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਾਨ ਕਰ ਆਉਂਦੇ ਸਨ।

ਪੁਰਾਤਨ ਸਮੇਂ ਤੋਂ ਹੀ ਹਰ ਸਿੰਘ ਨਿਤ ਘਟੋ-ਘਟ ਦਿਨ ਚਿ ਦੋ ਵਾਰ ਤਾਂ ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਦੀ ਯਾਜਨਾ ਕਰਦਾ ਹੈ ਤੇ ਅੱਜ ਵੀ ਹਰ ਸਿੰਘ ਇਹ ਅਰਦਾਸ ਕਰਦਾ ਹੈ। ਇਹ ਅਰਦਾਸ ਕਰਦੇ ਹੋਇਆਂ ਫਿਰ ਅਸੀਂ ਕਿਉਂ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸਨਾਨ ਤੋਂ ਵਾਂਞੇ ਰਹੀਏ? ਕਈ ਡਰਪੋਕ ਜਿਥੇ ਆਪ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਡਰਦੇ ਨਹੀਂ ਆਉਂਦੇ, ਉਥੇ ਕਈ ਹੋਰਨਾਂ ਸਿੰਘਾਂ ਨੂੰ ਵੀ ਜਾਨ ਦੇ ਖ਼ਤਰੇ ਦਾ ਝੂਠਾ ਵਾਵੇਲਾ ਪਾ ਕੇ ਡਰਾਂਦੇ ਫਿਰਦੇ ਹਨ। ਅਜਿਹੇ ਲੋਕਾਂ ਦੀ ਇਹ ਅਤਿ ਨਿਘਰਦੀ ਦਸ਼ਾ ਹੈ। ਜੋ ਗੁਰੂ ਕੇ ਸੱਚੇ ਆਸ਼ਕ ਹੁੰਦੇ ਹਨ, ਉਹ ਗੁਰੂ-ਦਰ ਵਲ ਧਾਈ ਕਰਦੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਇਹ ਟੇਕ ਹੁੰਦੀ ਹੈ ਕਿ–

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ (੩੯੪)

ਉਨ੍ਹਾਂ ਨੂੰ ਸੱਚਾ ਸਿਦਕ ਹੁੰਦਾ ਹੈ ਕਿ ਸੱਚਾ ਸਾਹਿਬ ਉਨ੍ਹਾਂ ਦੇ ਅੰਗ ਸੰਗ ਹੈ ਅਤੇ ਜਿਥੇ ਕਿਥੇ ਵੀ ਜਾਣ, ਉਹ ਡੋਲਦੇ ਨਹੀਂ, ਕਿਉਂਕਿ ਉਨ੍ਹਾਂ ਨੂੰ ਯਕੀਨ ਹੁੰਦਾ ਹੈ ਕਿ–

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥ (੬੭੭)

ਉਨ੍ਹਾਂ ਲਈ ਸਚੇ ਪਿਤਾ ਜੀ, ਜਦ ਵੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਲਈ ਵਸੀਲਾ ਬਣਾ ਦੇਂਦੇ ਹਨ ਤਾਂ ਇਸ ਨਾਸਵੰਤ ਦੇਹ ਨੂੰ ਬਚਾਉਣ ਖ਼ਾਤਰ ਰਾਮਦਾਸਪੁਰ ਆਉਣ ਤੋਂ ਹਿਚਕਚਾਉਂਦੇ ਨਹੀਂ। ਜੇ ਅਸੀਂ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਦੀ ਜਾਚਨਾ ਕਰ ਕੇ, ਅਮਲ ਕਰਨ ਤੋਂ ਹਿਚਕਚਾਈਏ ਤਾਂ ਸਾਡੀ ਅਰਦਾਸ ਬਾਹਰਮੁਖੀ ਹੀ ਰਹਿ ਜਾਂਦੀ ਹੈ। ਇਹ ਸਿੱਖੀ ਜੀਵਨ ਨਹੀਂ ਹੋ ਸਕਦਾ। ਲੋਕ-ਪਚਾਰਾ ਕਰਨਾ ਸਿਖ ਨੂੰ ਸ਼ੋਭਦਾ ਨਹੀਂ। ਗੁਰਮਤਿ ਵਿਚ ਤਾਂ ਕਿਸੇ ਪਖੰਡ ਵਾਸਤੇ ਕੋਈ ਥਾਂ ਹੀ ਨਹੀਂ ਹੈ। ਸਾਡੇ ਵਾਸਤੇ ਤਾਂ ਗੁਰਬਾਣੀ ਦਾ ਫੁਰਮਾਨ ਹੈ–

ਕਬੀਰ ਮੁਹਿ ਮਰਣੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ, ਪਰਾ ਹਮਾਰੈ ਬਾਰ ॥੬੧॥ (੧੩੬੭)

ਸੋ ਸਤਿਕਾਰ ਯੋਗ ਖਾਲਸਾ ਜੀਉ, ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਚੇਤੇ ਰਖੀਏ ਅਤੇ ਆਪਣੇ ਗੌਰਵ-ਮਈ ਵਿਰਸੇ ਤੋਂ ਸੇਧ ਲਈਏ। ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਦਰਸ਼ਨਾਂ ਨੂੰ, ਇਸ ਸੱਚੇ



www.AKJ.Org

ਗੁਰੂ ਕੀ ਸੱਚੀ ਨਗਰੀ ਵਲ ਆਉਂਦੇ ਹੋਇਆਂ ਸੋਚਾਂ ਚਿ ਨਾ ਪਈਏ। ਮਤੇ ਜ਼ਾਲਮ ਇਹ ਨਾ ਸੋਚ ਲੈਣ ਕਿ ਸਿੰਘ ਡਰ ਗਏ ਹਨ ਅਤੇ ਜਾਨ ਤੋਂ ਪਿਆਰੇ ਸਾਡੇ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਭੰਗ ਕਰਨ ਲਈ ਉਹ ਗਲਤ ਦ੍ਰਿਸ਼ਟੀ ਨਾਲ ਵੇਖਣ ਦੀ ਗ਼ਲਤੀ ਨਾ ਕਰ ਲੈਣ।

ਸਚੇ ਪਾਤਿਸ਼ਾਹ ਜੀ! ਆਪ ਜੀ ਸਿੰਘਾਂ ਨੂੰ ਮਨ ਨੀਵਾਂ ਤੇ ਮੱਤ ਉੱਚੀ ਬਖਸ਼ਣ ਵਾਲੇ ਹੋ। ਆਪ ਜੀ ਕਿਰਪਾ ਕਰੋ ਅਤੇ ਆਪਣੀ 'ਜਾਨ ਕੀ ਜਾਨ' ਅਕਾਲੀ ਫ਼ੌਜ, ਖਾਲਸੇ ਨੂੰ ਆਪਣੇ ਗੁਰਧਾਮਾਂ ਦੇ ਦਰਸ਼ਨ ਪਰਸਨ ਲਈ ਬੇਖ਼ੌਫ ਪਿਆਰ ਤੇ ਸਿਦਕ ਬਖਸ਼ੋ ਜੀ। ਖਾਲਸਾ ਸਦਾ ਬਾਬਾ ਦੀਪ ਸਿੰਘ ਜੀ ਵਾਂਗ ਸੀਸ ਤਲੀ ਤੇ ਰਖ ਕੇ ਗੁਰਧਾਮਾਂ ਦੀ ਪਵਿਤਰਤਾ ਲਈ ਤਤਪਰ ਰਵੇ।

## ਦੁਖ ਭੰਜਨੀ ਇਸ਼ਨਾਨ ਦੀ ਜ਼ਾਹਰਾ ਕਲਾ

### ਰੋਗ ਤੋਂ ਛੁਟਕਾਰਾ ਮਿਲ ਗਿਆ

ਅੰਮ੍ਰਿਤਸਰ, ੯ ਮਈ—ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਇਕ ਅਲੌਕਿਕ ਅਤੇ ਕਰਾਮਾਤੀ ਘਟਨਾ ਵਾਪਰੀ, ਜਿਸ ਨੂੰ ਸੰਗਤਾਂ ਗੁਰੂ ਸਾਹਿਬ ਦੀ ਮੇਹਰ ਕਹਿ ਰਹੀਆਂ ਹਨ।

ਘਟਨਾ ਇਸ ਪ੍ਰਕਾਰ ਹੈ ਕਿ ਭਵਾਨੀਗੜ੍ਹ ਜਿਲਾ ਸੰਗਰੂਰ ਦੀ ਇਕ ੫੦ ਸਾਲਾ ਮਾਈ ਬਚਨ ਕੌਰ ਪਿਛਲੇ ਛੇ ਸਾਲਾਂ ਤੋਂ ਗੰਠੀਆ ਦੇ ਰੋਗ ਤੋਂ ਪੀੜਤ ਸੀ। ਇਥੋਂ ਤਕ ਕਿ ਇਹ ਮਾਈ ਕਿਸੇ ਸਹਾਰੇ ਤੋਂ ਬਿਨਾਂ ਉਠ ਬੈਠ ਸਕਣ ਤੋਂ ਵੀ ਅਸਮਰਥ ਸੀ। ੬ ਸਾਲ ਲਗਾਤਾਰ ਇਲਾਜ ਤੋਂ ਬਾਅਦ ਵੀ ਉਸ ਨੂੰ ਕੋਈ ਅਰਾਮ ਨਾ ਆਇਆ ਅਤੇ ਮਾਈ ਬਚਨ ਕੌਰ ਨੇ ਭਵਾਨੀਗੜ੍ਹ ਤੋਂ ਸ਼ਰੋਮਣੀ ਕਮੇਟੀ ਦੀ ਮੈਂਬਰ ਬੀਬੀ ਜੋਗਿੰਦਰ ਕੌਰ ਫਗੂਆਣਾ ਨੂੰ ਕਿਹਾ ਕਿ ਉਹ ਉਸ ਨੂੰ ਅੰਮ੍ਰਿਤਸਰ ਲੈ ਜਾ ਕੇ ਦੁਖ-ਭੰਜਨੀ ਬੇਰੀ ਸਰੋਵਰ ਵਿਚ ਇਸ਼ਨਾਨ ਕਰਵਾ ਦੇਵੇ। ਪਰ ਬੀਬੀ ਜੋਗਿੰਦਰ ਕੌਰ ਬਿਮਾਰ ਹੋਣ ਕਾਰਨ ਮਾਈ ਬਚਨ ਕੌਰ ਨੂੰ ਅੰਮ੍ਰਿਤਸਰ ਨਾ ਲਿਜਾ ਸਕੀ।

ਅਖ਼ੀਰ ਮਾਈ ਬਚਨ ਕੌਰ ਨੂੰ ਭਵਾਨੀਗੜ੍ਹ ਦਾ ਬੀਬੀਆਂ ਦਾ ਸਤਿਆਗ੍ਰਹੀ ਜਥਾ, ਜੋ ਕਿ ਧਰਮ ਯੁਧ ਮੋਰਚੇ ਚਿ ਗ੍ਰਿਫਤਾਰੀ ਦੇਣ ਲਈ ਆਇਆ ਸੀ, ਆਪਣੇ ਨਾਲ ਅੰਮ੍ਰਿਤਸਰ ਲੈ ਆਇਆ। ੮ ਅਪਰੈਲ ਨੂੰ ਮਾਈ ਬਚਨ ਕੌਰ ਨੂੰ ਬੀਬੀਆਂ ਨੇ ਚੁੱਕ ਕੇ ਦੁਖ-ਭੰਜਨੀ ਬੇਰੀ ਵਿਖੇ ਇਸ਼ਨਾਨ ਕਰਵਾਇਆ। ਸਰੋਵਰ ਵਿਚ ਡੁਬਕੀ ਲਗਾਉਂਦੇ ਹੀ ਅਜਿਹਾ ਚਮਤਕਾਰ ਵਾਪਰਿਆ ਕਿ ਮਾਈ ਬਚਨ ਕੌਰ ਦੇ ਸਾਰੇ ਰੋਗ ਕੱਟੇ ਗਏ ਤੇ ਉਹ ਨੌਂ-ਬਰ-ਨੌਂ ਹੋ ਗਈ। ਜਿਹੜੀ ਮਾਈ ਬਚਨ ਕੌਰ ਸਹਾਰੇ ਬਿਨਾਂ ਉਠ ਨਹੀ ਸੀ ਸਕਦੀ, ਉਹ ਬਿਨਾਂ ਕਿਸੇ ਦੇ ਸਹਾਰੇ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਈ ਤੇ ਪ੍ਰਸ਼ਾਦ ਚੜ੍ਹਾ ਕੇ ਆਈ। ਜਦੋਂ ਚਮਤਕਾਰੀ ਘਟਨਾ ਬਾਰੇ ਮਾਈ ਬਚਨ ਕੌਰ ਨੂੰ ਪੁਛਿਆ ਗਿਆ ਤਾਂ ਉਸ ਨੇ ਦਸਿਆ ਕਿ, ਇਹ ਸਭ ਗੁਰੂ ਰਾਮਦਾਸ ਜੀ ਦੀ ਕਿਰਪਾ ਹੈ। ਮਾਈ ਅਨੁਸਾਰ ਜਦੋਂ ਉਸ ਨੇ ਸਰੋਵਰ ਵਿਚ ਡੁਬਕੀ ਲਗਾਈ ਤਾਂ ਉਸ ਦੇ ਸਰੀਰ ਵਿਚ ਜ਼ਬਰਦਸਤ ਝਰਨਾਹਟ ਛਿੜੀ ਤੇ ਉਸ ਤੋਂ ਬਾਅਦ ਉਸ ਨੇ ਸਰੀਰ ਵਿਚ ਸ਼ਕਤੀ ਮਹਿਸੂਸ ਕੀਤੀ। ਹੁਣ ਉਹ ਪੂਰੀ ਤਰ੍ਹਾਂ ਤੰਦਰੁਸਤ ਹੈ। ਮਾਈ ਬਚਨ ਕੌਰ ਨੇ ਦਸਿਆ ਕਿ ਬੜੇ ਸਮੇਂ ਤੋਂ ਮੇਰੀ ਖਾਹਸ਼ ਸੀ ਕਿ ਮੈਂ ਅੰਮ੍ਰਿਤਸਰ ਸਰੋਵਰ ਵਿਖੇ ਇਸ਼ਨਾਨ ਕਰਾਂ, ਉਸ ਨੂੰ ਗੁਰੂ ਦੀ ਸ਼ਕਤੀ ਵਿਚ ਅਟੁਟ ਵਿਸ਼ਵਾਸ ਤੇ ਭਰੋਸਾ ਸੀ। —ਅਜੀਤ, ੧੦-੫-੮੪

---

## ਕੀਰਤਨੀ ਬੱਚਿਆਂ ਦੀ ਯਾਦ ਵਿਚ

ਸ: ਸੰਤੋਖ ਸਿੰਘ ਜੀ ਐਮ-੧੦੫, ਟੀ. ਜੀ. ਰੋਡ, ਫਤਹਪੁਰ, ਕਲਕਤਾ ੨੪ ਵਲੋਂ, ਬੀਰ ਬਾਂਕੇ ਲਾਲਾਂ ਅਤੇ ਕੀਰਤਨ ਅਖਾੜਿਆਂ ਦੇ ਹੀਰਿਆਂ ਵੀਰਿੰਦਰ ਸਿੰਘ ਤੇ ਰੂਪਿੰਦਰ ਸਿੰਘ ਦੀ ਸਾਲਾਨਾ ਯਾਦ ਵਿਚ ੬ ਨਵੇਂ ਅਮਾਨਤੀ ਲਾਈਫ ਮੈਂਬਰਾਂ ਲਈ ੯੦੦:੦੦ ਅਤੇ ੧੦੧-੦੦ ਸੂਰਾ ਦੀ ਚੜ੍ਹਦੀ ਕਲਾ ਲਈ ਸਹਾਇਤਾ ਵਜੋਂ ਭੇਜੇ ਗਏ ਹਨ। ਸੂਰਾ ਦੇ ਪਰਬੰਧਕ ਅਤੇ ਭਾਈ ਸੂਰਤ ਸਿੰਘ ਪੂਰਨ ਜੀ ਤੇ ਬੀਬੀ ਭੂਪਿੰਦਰ ਕੌਰ, ਬੱਚਿਆਂ ਲਈ ਦਰਸਾਏ ਗਏ ਇਸ ਪ੍ਰੇਮ ਲਈ ਅਤੀ ਧੰਨਵਾਦੀ ਹਨ।



www.AKJ.Org

# ਸਿਗਰਟ ਤੰਬਾਕੂ ਦੀ ਮਨਾਹੀ ਬਾਰੇ ਸਹੀ ਫ਼ੈਸਲੇ ਦੀ ਲੋੜ ਹੈ

'ਜਗ ਬਾਣੀ' ੨੧-੫-੮੪ ਵਿਚ ਇਹ ਖ਼ਬਰ ਛਪੀ ਹੈ—

'ਸਿਗਰਟ-ਪੈਕਟਾਂ ਤੇ ਸਿਹਤ ਲਈ ਚਿਤਾਵਨੀ—ਵਾਸ਼ਿੰਗਟਨ, ੨੦ ਮਈ (ਨ.ਯ.ਟ.ਸ.) ਪਬਲਿਕ ਹੈਲਥ ਤੇ ਤੰਬਾਕੂ ਸਨਅਤ ਦੇ ਪ੍ਰਤੀਨਿਧਾਂ ਦੇ ਸਮੁਚੇ ਗਰੁਪ ਨੇ ਇਸ ਗਲ ਨੂੰ ਪਰਵਾਨ ਕਰ ਲਿਆ ਹੈ ਕਿ ਸਿਗਰਟ-ਪੈਕਟਾਂ ਉਤੇ ਸਿਹਤ ਪ੍ਰਤੀ ਚੇਤਾਵਨੀ ਲਿਖੀ ਜਾਏ।—ਉਕਤ ਸਮਝੌਤਾ ਪੰਜਾਂ ਮਹੀਨਿਆਂ ਪਿਛੋਂ ਬੀਤੇ ਬੁਧਵਾਰ ਸੰਪੂਰਨ ਹੋਇਆ। ਹੁਣ ਸਿਗਰਟ ਪੈਕਟਾਂ ਤੇ ਇਹ ਚੇਤਸੀ ਲੇਬਲ ਹੋਵਗਾ, "ਵਾਰਨਿੰਗ, ਸਰਜਨ ਜਨਰਲ ਦਾ ਫ਼ੈਸਲਾ ਹੈ ਕਿ ਸਿਗਰਟ ਪੀਣੀ ਤੁਹਾਡੀ ਸਿਹਤ ਲਈ ਹਾਨੀਕਾਰਕ ਹੈ।" ਹਰ ਪੈਕਟ ਤੇ ਇਹ ਵੀ ਲਿਖਿਆ ਹੋਵਗਾ, "ਤੰਬਾਕੂ ਪੀਣ ਨਾਲ ਤੁਹਾਨੂੰ ਫੇਫੜੇ ਦਾ ਕੈਂਸਰ, ਦਿਲ ਦੀ ਬੀਮਾਰੀ ਤੇ ਦਮਾ ਹੋ ਸਕਦਾ ਹੈ। ਤੰਬਾਕੂ ਛਡਣ ਨਾਲ ਤੁਹਾਡੀ ਸਿਹਤ ਨੂੰ ਕੋਈ ਖ਼ਤਰਾ ਨਹੀਂ ਰਹੇਗਾ।"

ਅਮਰੀਕਾ ਦੇ ਸਿਹਤ ਵਿਭਾਗ ਨੇ ਤੰਬਾਕੂ ਤੋਂ ਹੋਣ ਵਾਲੇ ਰੋਗਾਂ ਤੋਂ ਜਨਤਾ ਨੂੰ ਬਚਾਉਣ ਲਈ, ਤੰਬਾਕੂ ਦੇ ਸਨਅਤ-ਕਾਰਾਂ ਨੂੰ ਸਿਗਰਟ ਦੀਆਂ ਡਬੀਆਂ ਉਤੇ ਲਿਖਵਾਣਾ ਮੰਨਾ ਲਿਆ ਹੈ ਕਿ ਇਹ ਸਿਹਤ ਲਈ ਖ਼ਤਰਾ ਹੈ ਅਤੇ ਕੈਂਸਰ ਵਰਗੇ ਨਾ-ਮੁਰਾਦ ਰੋਗਾਂ ਨੂੰ ਮੁਲ ਖਰੀਦਣਾ ਹੈ। ਪਿਛੇ ਅਮਰੀਕਾ ਨੇ ਇਹ ਨਵੀਂ ਖੋਜ ਵੀ ਪ੍ਰਕਾਸ਼ਤ ਕੀਤੀ ਸੀ ਕਿ ਇਨ੍ਹਾਂ ਸਿਗਰਟਾਂ ਦਾ ਧੂੰਆਂ ਵਧੇਰੇ ਖ਼ਤਰਨਾਕ ਹੈ ਅਤੇ ਰਾਹ-ਜਾਂਦੇ ਲੋਕਾਂ ਨੂੰ ਬੀਮਾਰੀਆਂ ਵਲ ਨਾ-ਹੱਕ ਧਕੇਲਣਾ ਹੈ।

ਅਮਰੀਕਾ ਦੇ ਲੋਕਾਂ ਨੇ ਤਾਂ ਤਮਾਕੂ ਨੂੰ ਬੁਰੀ ਵਸਤੂ ਮਹਿਸੂਸ ਕਰਕੇ ਆਮ ਜਨਤਾ ਨੂੰ ਇਸ ਤੋਂ ਚਿਤਾਵਨੀ ਦੇਣੀ ਜ਼ਰੂਰੀ ਸਮਝ ਲਈ ਹੈ, ਪਰ ਭਾਰਤ ਸਰਕਾਰ ਨੂੰ ਇਹ ਸਮਝ ਕਿਉਂ ਨਹੀਂ ਆ ਰਹੀ ਕਿ ਤੰਬਾਕੂ ਭਾਰਤ-ਵਾਸੀਆਂ ਲਈ ਵੀ ਹਾਨੀਕਾਰਕ ਹੈ। ਇਕ ਬੁਰੀ ਚੀਜ਼ ਜੇ ਅਮਰੀਕਾ ਤੇ ਹੋਰ ਦੇਸ਼ਾਂ ਲਈ ਜ਼ਹਿਰ ਹੈ ਤਾਂ ਭਾਰਤ ਲਈ ਵੀ ਉਹ ਜ਼ਹਿਰ ਹੀ ਹੈ। ਭਾਰਤ-ਵਾਸੀਆਂ ਲਈ ਤੰਬਾਕੂ ਦੀ ਰੋਕ-ਥਾਮ ਲਈ ਵੀ ਸਖ਼ਤ ਕਦਮ ਚੁਕੇ ਜਾਣ ਦੀ ਲੋੜ ਹੈ।

ਹੈਰਾਨੀ ਹੈ ਕਿ ਇੰਨੀ ਬੁਰੀ ਚੀਜ਼ ਨੂੰ ਰੋਕਣ ਲਈ ਜੇ ਪੰਜਾਬੀ ਇਹ ਮੰਗ ਕਰਦੇ ਹਨ ਕਿ ਅੰਮ੍ਰਿਤਸਰ ਨੂੰ 'ਪਵਿਤਰ ਸਿਟੀ' ਦਾ ਦਰਜਾ ਦਿਤਾ ਜਾਏ ਅਤੇ ਸ਼ਹਿਰ ਵਿਚ ਤੰਬਾਕੂ, ਸ਼ਰਾਬ ਤੇ ਮਾਸ ਦੀ ਵਿਕਰੀ ਅਤੇ ਵਰਤੋਂ ਕਾਨੂੰਨਨ ਬੰਦ ਕੀਤੀ ਜਾਵੇ ਤਾਂ ਹੇਠ ਲਿਖੇ ਅਨੁਸਾਰ ਮੰਗ ਮੰਗੀ ਗਈ ਹੈ। ਦਰਬਾਰ ਸਾਹਿਬ ਦੇ ਆਲੇ ਦੁਆਲੇ ਬੋਰਡ ਲਗਵਾ ਦਿਤੇ ਗਏ ਹਨ—

ਸੂਚਨਾ

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਸ੍ਰੀ ਦਰਬਾਰ ਸਾਹਿਬ ਤੋਂ ੨੦੦ ਮੀਟਰ ਦੇ ਖੇਤਰ ਵਿਚ ਤੰਮਾਕੂ ਅਤੇ ਇਸ ਤੋਂ ਬਣੀਆਂ ਵਸਤੂਆਂ, ਮਾਸ ਅਤੇ ਇਸ ਤੋਂ ਬਣੀਆਂ ਵਸਤੂਆਂ ਅਤੇ ਸ਼ਰਾਬ ਵੇਚਣ ਦੀ ਮਨਾਹੀ ਹੈ।—ਭਾਵ ਇਹ ਹੈ ਕਿ ਇਸ ਜਗ੍ਹਾ ਤੋਂ ਲੈ ਕੇ ਦਰਬਾਰ ਸਾਹਿਬ ਤਕ ਸਾਰੇ ਖੇਤਰ ਵਿਚ ਉਪਰੋਕਤ ਵਸਤੂਆਂ ਦੀ ਵੇਚਣ ਦੀ ਮਨਾਹੀ ਹੈ। —ਬਹੁਕਮ ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ

ਉਪਰੋਕਤ ਮਨਾਹੀ ਵਿਚ ਇਕ ਗੱਲ ਸਪੱਸ਼ਟ ਹੈ ਕਿ ਦਰਬਾਰ ਸਾਹਿਬ ਦੇ ਇਸ ਉਦਾਲੇ ਪੁਦਾਲੇ ਵਿਚ ਇਨ੍ਹਾਂ ਦੇ ਵਰਤੋਂ ਦੀ ਮਨਾਹੀ ਕੋਈ ਨਹੀਂ, ਕੇਵਲ ਵੇਚਣ ਦੀ ਮਨਾਹੀ ਹੈ। ਇਸ ਖੇਤਰ ਵਿਚ ਜੇ ਕੋਈ ਸਿਗਰਟ ਪੀਈ ਜਾਵੇ ਅਤੇ ਆਉਂਦੇ ਜਾਂਦਿਆਂ ਨੂੰ ਸਿਗਰਟ ਦੇ ਧੂੰਏ ਨਾਲ ਤੰਗ ਕਰੀ ਜਾਏ ਤਾਂ ਉਸ ਤੇ ਕੋਈ ਰੋਕ ਨਹੀਂ। ਕਮਾਲ ਦੀ ਮਨਾਹੀ ਹੈ!!

ਫਿਰ ਖ਼ਾਸ ਵਿਚਾਰਨ ਵਾਲੀ ਗੱਲ ਹੈ ਕਿ ਕੀ ਦਰਬਾਰ ਸਾਹਿਬ ਤੋਂ ੨੦੦ ਮੀਟਰ ਅਥਵਾ ਥੋੜੇ ਜਿਹੇ ਕਦਮਾਂ ਦੀ ਵਿਥ ਤਕ ਇਨ੍ਹਾਂ ਵਸਤੂਆਂ ਦੇ ਵੇਚਣ ਦੀ ਮਨਾਹੀ ਕਰਨ ਨਾਲ "ਅੰਮ੍ਰਿਤਸਰ ਪਵਿਤਰ ਸ਼ਹਿਰ" ਦਾ ਦਰਜਾ ਪ੍ਰਾਪਤ ਕਰ ਜਾਏਗਾ ?"

ਲੋੜ ਹੈ ਕਿ ਸਰਕਾਰ ਸਪਸ਼ਟ ਸ਼ਬਦਾਂ ਵਿਚ ਐਲਾਨ ਕਰੇ ਕਿ ਅੰਮ੍ਰਿਤਸਰ ਸ਼ਹਿਰ (ਘਟੋ ਘਟ ਸਾਰੇ ਦਰਵਾਜ਼ਿਆਂ ਦੇ ਅੰਦਰ ਅੰਦਰ) ਗਲੀਆਂ ਬਜ਼ਾਰਾਂ ਅਤੇ ਸਮੂਹ ਪਬਲਿਕ ਥਾਵਾਂ ਵਿਖੇ ਤੰਬਾਕੂ, ਮਾਸ, ਸ਼ਰਾਬ ਵੇਚਣ ਅਤੇ ਵਰਤਣ ਦੀ ਮਨਾਹੀ ਹੈ। ਇਸ ਫੈਸਲੇ ਤੋਂ ਬਿਨਾਂ ਤਾਂ ਇਸ ਮੰਗ ਨਾਲ ਨਿਰਾ ਮਜ਼ਾਕ ਹੀ ਕਰਨਾ ਹੈ।



www.AKJ.Org

# ਪੰਥਕ ਖ਼ਬਰਾਂ—ਅਖ਼ਬਾਰਾਂ ਦੀ ਜ਼ਬਾਨੀ

## ਚੰਡੀਗੜ੍ਹ—ਗੜਬੜ ਲਈ ਜ਼ੁਮੇਵਾਰ ਕੌਣ ?

[ਵਲੋਂ—ਸ: ਹਰਕਵਲਜੀਤ ਸਿੰਘ ਸਟਾਫ਼ ਰਿਪੋਰਟਰ]

ਚੰਡੀਗੜ੍ਹ—ਹਿੰਦੂ ਸੁਰਕਸ਼ਾ ਸੰਮਤੀ ਦੇ ਪ੍ਰਧਾਨ ਸ੍ਰੀ ਪਵਨ ਕੁਮਾਰ ਸ਼ਰਮਾ ਨੂੰ ੧੮ ਅਪ੍ਰੈਲ ਨੂੰ ਚੰਡੀਗੜ੍ਹ ਵਿਚ ਦਾਖਲ ਹੋਣ ਦੀ ਇਜਾਜ਼ਤ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਕਿਉਂ ਦਿਤੀ ਗਈ ? ਇਹ ਸਵਾਲ ਚੰਡੀਗੜ੍ਹ ਦੇ ਹਰ ਸ਼ਹਿਰੀ ਲਈ ਬੁਝਾਰਤ ਬਣਿਆ ਹੋਇਆ ਹੈ। ਪੰਜਾਬ ਦੇ ਗੁਪਤਚਰ ਵਿਭਾਗ ਵਲੋਂ ਚੰਡੀਗੜ੍ਹ ਪ੍ਰਸ਼ਾਸਨ ਨੂੰ ਜਦੋਂ ਪਹਿਲਾਂ ਹੀ ਸੂਚਿਤ ਕਰ ਦਿਤਾ ਗਿਆ ਸੀ ਕਿ ਪਵਨ ਕੁਮਾਰ ਪਟਿਆਲਾ ਤੋਂ ਸੰਮਤੀ ਵਰਕਰਾਂ ਦਾ ਭਰਿਆ ਇਕ ਟਰੱਕ ਤੇ ਦੋ ਮੈਟਾਡੋਰਾਂ ਲੈ ਕੇ ਚੰਡੀਗੜ੍ਹ ਵਲ ਆ ਰਿਹਾ ਹੈ ਤੇ ਇਹ ਲੋਕ ਰਸਤੇ ਵਿਚ ਹੁਲੜਬਾਜ਼ੀ ਵੀ ਕਰਦੇ ਆ ਰਹੇ ਹਨ ਤਾਂ ਪੰਜਾਬ ਦੀ ਸੂਚਨਾ ਦੇ ਅਧਾਰ ਤੇ ਅਤੇ ਸ਼ਹਿਰ ਵਿਚ ਗੜਬੜ ਦੀ ਸ਼ੰਕਾ ਨੂੰ ਸਾਹਮਣੇ ਰਖਦਿਆਂ ਪਵਨ ਕੁਮਾਰ ਤੇ ਉਹਨਾਂ ਦੇ ਸਾਥੀਆਂ ਨੂੰ ਚੰਡੀਗੜ੍ਹ ਦੀ ਸਰਹਦ ਤੇ ਜ਼ੀਰਕਪੁਰ ਕੋਲ ਰੋਕ ਲਿਆ ਗਿਆ, ਪਰ ਕੁਝ ਘੰਟਿਆਂ ਬਾਅਦ ਇਨ੍ਹਾਂ ਲੋਕਾਂ ਨੂੰ ਚੰਡੀਗੜ੍ਹ ਵਿਚ ਦਾਖਲੇ ਦੀ ਇਜਾਜ਼ਤ ਦੇ ਦਿਤੀ ਗਈ ਤੇ ਬੱਸ ਫਿਰ ਇਸ ਤੋਂ ਬਾਅਦ ਸਾਰਾ ਦਿਨ ਸ਼ਹਿਰ ਵਿਚ ਪਟਿਆਲਾ, ਅੰਬਾਲਾ, ਪਾਨੀਪਤ ਤੇ ਯਮਨਾ ਨਗਰ ਤੋਂ ਆਏ ਹੁਲੜਬਾਜ਼ਾਂ ਦਾ ਹੀ ਰਾਜ ਰਿਹਾ। ਇਹਨਾਂ ਲੋਕਾਂ ਨੇ ਸ਼ਹਿਰ ਦੇ ਮੁਖ ਬਜ਼ਾਰਾਂ ਤੇ ਮੱਧ ਮਾਰਗ ਤੋਂ ਲੰਘਣ ਵਾਲੇ ਇਕ ਫਿਰਕੇ ਦੇ ਹਰ ਆਦਮੀ ਨੂੰ ਮਾਰਿਆ ਕੁਟਿਆ ਤੇ ਬਾਅਦ ਵਿਚ ਉਹਨਾਂ ਦੇ ਸਕੂਟਰਾਂ, ਮੋਟਰ-ਸਾਈਕਲਾਂ ਚੋਂ ਹੀ ਪਟਰੋਲ ਕੱਢ ਕੇ ਅੱਗਾਂ ਲਗਾਈਆਂ ਤੇ ਇਹ ਸਭ ਕੁਝ ਅਮਨ ਕਾਨੂੰਨ ਦੇ ਰਾਖਿਆਂ ਸੀ.ਆਰ.ਪੀ., ਬੀ.ਐਸ.ਐਫ. ਤੇ ਚੰਡੀਗੜ੍ਹ ਪੁਲਿਸ ਦੇ ਉੱਚ-ਅਧਿਕਾਰੀਆਂ ਦੀ ਹਾਜ਼ਰੀ ਵਿਚ ਹੁੰਦਾ ਰਿਹਾ।

ਚੰਡੀਗੜ੍ਹ ਪ੍ਰਸ਼ਾਸਨ ਇਕ ਚੰਗੇ ਫ਼ਰਮਾਬਰਦਾਰ ਨੌਕਰ ਦੀ ਤਰ੍ਹਾਂ ਸੁਰਕਸ਼ਾ ਸੰਮਤੀ ਦੀਆਂ ਹਦਾਇਤਾਂ ਤੇ ਅਮਲ ਕਰਦਾ ਰਿਹਾ। ਸ੍ਰੀ ਇੰਦਰਪਾਲ ਗੁਪਤਾ ਦੇ ਸਸਕਾਰ ਸਮੇਂ ਹਾਜ਼ਰ ਵਡੀ ਪੁਲਿਸ ਫੋਰਸ ਵਲ ਇਕ ਨਜ਼ਰ ਮਾਰਨ ਤੋਂ ਬਾਅਦ ਸ੍ਰੀ ਪਵਨ ਕੁਮਾਰ ਨੇ ਆਦੇਸ਼ ਦਿਤਾ ਕਿ ਇਕ ਫਿਰਕੇ ਦੇ ਪੁਲਿਸ ਕਰਮਚਾਰੀ ਉਨ੍ਹਾਂ ਦੀਆਂ ਅੱਖਾਂ ਤੋਂ ਦੂਰ ਕਰ ਦਿਤੇ ਜਾਣ ਤੇ ਚੰਡੀਗੜ੍ਹ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਤੁਰੰਤ ਇਸ਼ਾਰਾ ਕਰਕੇ ਹਾਜ਼ਰ ਪੁਲਿਸ ਫੋਰਸ ਵਿਚਲ ਇਸ ਫਿਰਕੇ ਦੇ ਲੋਕਾਂ ਨੂੰ ਸ਼ਮਸ਼ਾਨ ਘਾਟ ਤੋਂ ਬਾਹਰ ਭੇਜ ਦਿਤਾ।

ਸੁਰਕਸ਼ਾ ਸੰਮਤੀ ਦੇ ਆਗੂਆਂ ਸੈਕਟਰ ੨੬, ੧੨ ਤੇ ਸ਼ਮਸ਼ਾਨ ਘਾਟ ਸੈਕਟਰ ੨੫ ਵਿਖੇ ਦਿਤੇ ਆਪਣੇ ਭਾਸ਼ਨਾਂ ਵਿਚ ਇਕ ਫਿਰਕੇ ਦੇ ਲੋਕਾਂ ਲਈ ਜਿਸ ਤਰ੍ਹਾਂ ਦੀ ਅਪਮਾਨਜਨਕ ਧਮਕੀਆਂ ਭਰੀ ਭਾਸ਼ਾ ਵਰਤੀ, ਉਸ ਨੂੰ ਦੁਹਰਾਉਣ ਜਾਂ ਕਲਮਬੰਦ ਕਰਨਾ ਸ਼ਾਇਦ ਕਿਸੇ ਵੀ 'ਇਨਸਾਨ' ਦੇ ਵਸ ਦਾ ਕੰਮ ਨਹੀਂ। ਪਰ ਚੰਡੀਗੜ੍ਹ ਪ੍ਰਸ਼ਾਸਨ ਨੇ ਇਹ ਸਤਰਾਂ ਲਿਖੇ ਜਾਣ ਤਕ ਇਨ੍ਹਾਂ ਭੜਕਾਊ ਭਾਸ਼ਨਾਂ ਦਾ ਕੋਈ ਨੋਟਿਸ ਨਹੀਂ ਲਿਆ।

ਸੁਰਕਸ਼ਾ ਸੰਮਤੀ ਦੇ ਆਦਮੀਆਂ ਵਲੋਂ ਸੈਕਟਰ ੧੭ ਅਤੇ ੧੫ ਵਿਚ ਇਕ ਫਿਰਕੇ ਦੇ ਲੋਕਾਂ ਨੂੰ ਪੁਲਿਸ ਦੀ ਹਾਜ਼ਰੀ ਵਿਚ ਚਾਕੂ ਮਾਰੇ ਗਏ। ਸੈਕਟਰ ੨੭ ਵਿਚ ਇਕ ਡਰਾਈ ਕਲੀਨਰ ਦਾ ਇਕ ਸਕੂਟਰ ਤੇ ਮਸ਼ੀਨਰੀ ਸਾੜੀ ਗਈ, ਸੈਕਟਰ ੧੯ ਵਿਚ ਪੰਜਾਬ ਰੇਡੀਓ ਤੇ ਟੈਂਟ ਸਟੋਰ ਦੀ ਹਜ਼ਾਰਾਂ ਰੁਪਏ ਦੀ ਕਰਾਕਰੀ ਤੇ ਫਰਨੀਚਰ ਤੋੜਿਆ ਗਿਆ। ਵਾਲੀਆ ਟੂਰਿਸਟ ਕੰਪਨੀ ਸੈਕਟਰ ੧੫ ਦੀ ਬਾਹਰ ਖਲੋਤੀ ਇਕ ਡੀਲਕਸ ਬੱਸ ਤੇ ਪੰਜ ਟੈਕਸੀਆਂ ਨਕਾਰਾ ਕਰ ਦਿਤੀਆਂ ਗਈਆਂ ਤੇ ਸ਼ਹਿਰ ਵਿਚਲੀਆਂ ਇਕ ਫਿਰਕੇ ਦੀਆਂ ਕੋਈ ਇਕ ਸੌ ਦੁਕਾਨਾਂ ਤੇ ਸਵਾਰੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ। ਤਿੰਨ ਦਰਜਨ ਲੋਕਾਂ ਨੂੰ ਜ਼ਖ਼ਮੀ ਕੀਤਾ ਗਿਆ। ਪਰ ਪੁਲਿਸ ਨੇ ਮੌਕੇ ਤੇ ਕਿਸੇ ਨੂੰ ਰੋਕਣ ਜਾਂ ਦੋਸ਼ੀ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਦੋਂ ਕਿ ਜਲੂਸ ਨਾਲ ਡਿਪਟੀ ਕਮਿਸ਼ਨਰ, ਆਈ. ਜੀ. ਤੇ ਐਸ. ਐਸ. ਪੀ. ਸ਼ਾਮਲ ਸਨ।...... ਅਜੀਤ, ੩੦-੪-੮੪



www.AKJ.Org

## ਮੋਗਾ–ਗੁਰਦੁਆਰਿਆਂ ਦਾ ਘੇਰਾ–

ਚੰਡੀਗੜ੍ਹ, ੩ ਮਈ–(ਯੂ.ਐਨ.ਆਈ., ਪੀ.ਟੀ.ਆਈ.) ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਅਤੇ ਚਾਰ ਹੋਰ ਸਿੰਘ ਸਾਹਿਬਾਨ ਵਲੋਂ ਮੋਗਾ ਦੇ ਗੁਰਦੁਆਰਿਆਂ ਦਾ ਪੁਲਸ ਘੇਰਾ ਖਤਮ ਕਰਾਉਣ ਲਈ ਕਲ੍ਹ ੪ ਮਈ ਨੂੰ ਸ਼ਹੀਦੀ ਮਾਰਚ ਦੀ ਅਗਵਾਈ ਕਰਨ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਨੂੰ ਮੁਖ ਰਖਦਿਆਂ ਸਰਕਾਰ ਨੇ ਤਿੰਨਾਂ ਗੁਰਦੁਆਰਿਆਂ ਦਾ ਪੁਲਸ ਘੇਰਾ ਖਤਮ ਕਰ ਦਿਤਾ ਹੈ। ਗੁਰਦੁਆਰਿਆਂ ਵਿਚ ੨੬ ਅਪ੍ਰੈਲ ਤੋਂ ਘਿਰੇ ਹੋਏ ਸਿੰਘ, ਜਿਨ੍ਹਾਂ ਦੀ ਗਿਣਤੀ ਲਗਪਗ ੩੯੮ ਸੀ, ਆਪਣੇ ਆਪਣੇ ਟਿਕਾਣਿਆਂ ਨੂੰ ਚਲੇ ਗਏ ਹਨ। ਬੁਲਾਰੇ ਅਨੁਸਾਰ ੧੬ ਵਿਅਕਤੀ ਗ੍ਰਿਫਤਾਰ ਕੀਤੇ ਗਏ ਤੇ ਇਨ੍ਹਾਂ ਕੋਲੋਂ ੧੩ ਹਥਿਆਰ ਬਰਾਮਦ ਹੋਏ। ਘੇਰਾ ਖਤਮ ਕਰਨ ਦਾ ਫੈਸਲਾ ਸਥਾਨਕ ਅਕਾਲੀਆਂ ਤੇ ਰਾਜ ਸਰਕਾਰ ਦੇ ਉਚ ਅਧਿਕਾਰੀਆਂ ਵਿਚਕਾਰ ਹੋਈ ਮੀਟਿੰਗ ਵਿਚ ਕੀਤਾ ਗਿਆ, ਜਿਸ ਵਿਚ ਰਾਜਪਾਲ ਦੇ ਸਲਾਹਕਾਰ ਸ: ਐਚ.ਐਸ. ਸਿਧੂ ਅਤੇ ਆਈ.ਜੀ, ਪੁਲਸ ਸ: ਭਿੰਡਰ ਵੀ ਸ਼ਾਮਲ ਹੋਏ। ਅੰਦਰ ਘਿਰੇ ਹੋਏ ਸਿੰਘ ਦੋ ਵਜੇ ਬਾਹਰ ਨਿਕਲਣੇ ਸ਼ੁਰੂ ਹੋ ਗਏ। ੬੦ ਸਿੰਘਾਂ ਨੂੰ ਗੁਰਦੁਆਰਾ ਬੀਬੀ ਕਾਹਨ ਕੌਰ ਤੋਂ ਕਢ ਕੇ ਪੰਜਾਬ ਰੋਡਵੇਜ਼ ਦੀਆਂ ਬਸਾਂ ਰਾਹੀਂ ਉਹਨਾ ਦੇ ਟਿਕਾਣਿਆਂ ਤੇ ਭੇਜਿਆ ਗਿਆ।

ਸੰਤ ਲੌਂਗੋਵਾਲ ਨੇ ਰਾਤ ਗੁਰਦਵਾਰਾ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦਿਆਂ ਕਿਹਾ ਕਿ ਸਰਕਾਰ ਨੇ ਗੁਰਦੁਆਰਿਆਂ ਨੂੰ ਘੇਰ ਕੇ ਮੁਗਲਾਂ ਦੇ ਜ਼ਮਾਨੇ ਦੀ ਯਾਦ ਤਾਜ਼ਾ ਕਰਾ ਦਿਤੀ ਹੈ। ਗੁਰਦਵਾਰਾ ਸਾਹਿਬ ਵਿਚ ਲੰਗਰ ਵੀ ਨਹੀਂ ਜਾਣ ਦਿਤਾ ਗਿਆ। ਇਹ ਸਿਖ ਧਰਮ ਵਿਚ ਸਿਧਾ ਦਖ਼ਲ ਹੈ ਅਤੇ ਸਿਖ ਗੁਰਧਾਮਾਂ ਦੀ ਬੇਅਦਬੀ ਸਹਿਣ ਨਹੀਂ ਕਰ ਸਕਦੇ।...

—ਅਜੀਤ, ੪-੫-੮੪

**ਭਾਜਪਾ ਦੀ ਰਿਪੋਰਟ**—ਮੋਗਾ ਵਿਚ ਗੁਰਦੁਆਰੇ ਚੋਂ ਨਿਕਲਦੇ ਕਿਸੇ ਪਾਸੋਂ ਹਥਿਆਰ ਨਹੀਂ ਫੜਿਆ ਗਿਆ ਤੇ ਨਾ ਹੀ ਕਿਸੇ ਨੂੰ ਗ੍ਰਿਫਤਾਰ ਕੀਤਾ ਗਿਆ।

ਅਜੀਤ ਪੰਨਾ ੨, ਮਿਤੀ ੨੬-੫-੮੪

## ਸ਼੍ਰੋਮਣੀ ਕਮੇਟੀ ਦਾ ਬਿਆਨ–

ਅੰਮ੍ਰਿਤਸਰ, ੪ ਮਈ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਤੋਂ ਜਾਰੀ ਇਕ ਬਿਆਨ ਵਿਚ ਕੁਝ ਅਖਬਾਰਾਂ ਵਿਚ ਪ੍ਰਕਾਸ਼ਿਤ ਇਸ ਖ਼ਬਰ ਨੂੰ ਗਲਤ, ਗੁਮਰਾਹਕੁਨ ਤੇ ਸ਼ਰਾਰਤ ਭਰਪੂਰ ਕਰਾਰ ਦਿਤਾ ਗਿਆ ਹੈ ਜਿਸ ਵਿਚ ਮੋਗਾ ਵਿਖੇ ਪੁਲੀਸ ਵਲੋਂ ਗੁਰਧਾਮਾਂ ਦੀ ਤਲਾਸ਼ੀ ਲੈਣ ਅਤੇ ਕੁਝ ਵਿਅਕਤੀਆਂ ਨੂੰ ਗੁਰਦੁਆਰਾ ਸਾਹਿਬ ਵਿਚੋਂ ਗ੍ਰਿਫਤਾਰ ਕਰਨ ਦੀ ਗੱਲ ਕਹੀ ਗਈ ਸੀ। ਬਿਆਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਧਰਮ ਯੁਧ ਮੋਰਚੇ ਦੇ ਡਿਕਟੇਟਰ ਸੰਤ ਲੌਂਗੋਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਸੇਠੀ ਤੇ ਸ. ਬੂਟਾ ਸਿੰਘ ਨੂੰ ਫੋਨ ਉਤੇ ਵਾਰਨਿੰਗ ਦਿਤੀ ਸੀ ਕਿ ਜੇ ੪੮ ਘੰਟਿਆਂ 'ਚ ਪੁਲੀਸ ਫੋਰਸ ਨੇ ਗੁਰਦੁਆਰਿਆਂ ਦੀ ਨਾਕਾਬੰਦੀ ਖਤਮ ਨਾ ਕੀਤੀ ਤਾਂ ਸਿੱਖ ਇਸ ਨਾਕਾਬੰਦੀ ਨੂੰ ਤੋੜਨ ਲਈ ਮੋਗੇ ਵਲ ਮਾਰਚ ਕਰ ਦੇਣਗੇ। ਪ੍ਰੈਸ ਨੋਟ ਅਨੁਸਾਰ ਸੰਤ ਜੀ ਦੇ ਇਸ ਬਿਆਨ ਤੇ ਮੰਤਰੀਆਂ ਨੇ ਫੋਨ ਉਤੇ ਸੰਤ ਜੀ ਨਾਲ ਵਾਇਦਾ ਕੀਤਾ ਕਿ ਭਾਰਤ ਸਰਕਾਰ ਬੀ.ਐਸ.ਐਫ. ਤੇ ਪੁਲੀਸ ਨੂੰ ਗੁਰਦੁਆਰਾ ਸਾਹਿਬ ਦੁਆਲਿਓਂ ਹਟਾ ਰਹੀ ਹੈ। ਸੋ ਸਰਕਾਰ ਨੇ ਬਿਨਾਂ ਸ਼ਰਤ ਗੁਰਦੁਆਰਾ ਸਾਹਿਬ ਦੀ ਨਾਕਾਬੰਦੀ ਖਤਮ ਕੀਤੀ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਦੀ ਤਲਾਸ਼ੀ ਤੇ ਗੁਰਦੁਆਰਾ ਸਾਹਿਬ ਵਿਚੋਂ ਗ੍ਰਿਫਤਾਰੀਆਂ ਹੋਣ ਦੀ ਖਬਰ ਗਲਤ ਹੈ।.........ਕਮੇਟੀ ਨੇ ਸੰਤ ਜੀ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿਤੀ ਜਿਸ ਵਿਚ ਕਿਹਾ ਗਿਆ ਹੈ ਕਿ ਕਮੇਟੀ ੩ ਮਈ ਨੂੰ ਸ਼ਾਮ ਦੇ ੪ ਵਜੇ ਮੋਗਾ ਪੁਜੀ ਤੇ ਤਿੰਨਾਂ ਗੁਰਦੁਆਰਾ ਸਾਹਿਬਾਨ ਦੀ ਹਾਲਤ ਦਾ ਜਾਇਜ਼ਾ ਲਿਆ। ਸਬੰਧਤ ਲੋਕਾਂ ਨਾਲ ਮੁਲਾਕਾਤ ਕੀਤੀ। ਗੁਰਦੁਆਰਾ ਮਾਈ ਕਾਹਨ ਕੌਰ ਦੇ ਬਾਹਰ ੮ ਵਿਅਕਤੀ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ। ਗਵਾਂਢੀ ਮਕਾਨਾਂ ਤੇ ਮੋਰਚੇ ਬਣਾਏ ਹੋਏ ਸਨ। ਗੁਰਦਆਰਾ ਸਾਹਿਬਾਨ ਦੀ ਨਾਕਾਬੰਦੀ ਮੁਕੰਮਲ ਸੀ ਤੇ ਕਿਸੇ ਨੂੰ ਗੁਰਦਵਾਰਾ ਸਾਹਿਬ ਅੰਦਰ ਜਾਣ ਜਾਂ ਬਾਹਰ ਨਹੀਂ ਆਣ ਦਿਤਾ ਜਾਂਦਾ ਸੀ। ਕਰਫਿਊ ਦੇ ਬਾਅਦ ਸੰਗਤਾਂ ਆਪਣੇ ਘਰਾਂ ਨੂੰ ਗਈਆਂ। ਉਹਨਾਂ ਇਸ ਦੀ ਤਰਦੀਦ ਕੀਤੀ ਕਿ ਕਿਸੇ ਕਥਿਤ ਅੱਤਿਵਾਦੀ ਨੇ ਸੰਗਤਾਂ ਨੂੰ ਘਰਾਂ ਵਿਚ ਜਾਣ ਤੋਂ ਰੋਕਿਆ। ਕਮੇਟੀ ਨੇ ਆਪਣੀ ਰਿਪੋਰਟ ਵਿਚ ਇਸ ਸਥਿਤੀ ਲਈ ਕੁਝ ਅਫਸਰਾਂ ਨੂੰ ਜ਼ੁਮੇਵਾਰ ਠਹਿਰਾਇਆ ਹੈ।

—ਅਜੀਤ, ੫-੫-੮੪

## ਸੇਠੀ ਨੇ ਬਿਆਨ ਵਿਚ 'ਗ਼ਲਤੀ' ਲਈ ਅਫ਼ਸੋਸ ਕੀਤਾ–

ਨਵੀਂ ਦਿਲੀ, ੯ ਮਈ (ਪੀ.ਟੀ.ਆਈ., ਯ.ਐਨ.ਆਈ)—ਪ੍ਰੋ: ਮਧੂ ਡੰਡਵਤੇ (ਜਨਤਾ) ਦੇ ਉਠਾਏ ਨੁਕਤੇ ਦੇ ਉਤਰ ਵਿਚ ਗ੍ਰਹਿ ਮੰਤਰੀ ਸ੍ਰੀ ਪੀ.ਸੀ. ਸੇਠੀ ਨੇ ਲੋਕ ਸਭਾ ਵਿਚ ੭ ਮਈ ਨੂੰ ਮੋਗਾ-ਘਟਨਾਵਾਂ ਸੰਬੰਧੀ ਸਦਨ ਵਿਚ ਦਿਤੇ ਬਿਆਨਾਂ ਵਿਚ 'ਗਲਤੀ' ਲਈ ਅਫ਼ਸੋਸ ਜ਼ਾਹਰ ਕੀਤਾ।......

—ਅਜੀਤ, ੧੦-੫-੮੪

## ਸੰਵਿਧਾਨ ਦੀ ਧਾਰਾ 25 ਸਾੜਨ ਵਾਲੇ ਅਕਾਲੀ ਰਿਹਾ–

ਚੰਡੀਗੜ੍ਹ, ੧੧ ਮਈ (ਹਰਕਵਲਜੀਤ ਸਿੰਘ)-ਪੰਜਾਬ ਸਰਕਾਰ ਨੇ ਸੰਵਿਧਾਨ ਦੀ ਧਾਰਾ ੨੫ ਸਾੜਨ ਜਾਂ ਪਾੜਨ ਵਾਲੇ ਸਾਰੇ ਅਕਾਲੀ ਨੇਤਾਵਾਂ ਅਤੇ ਵਰਕਰਾਂ ਨੂੰ ਤੁਰੰਤ ਰਿਹਾ ਕਰਨ ਦਾ ਹੁਕਮ ਦਿਤਾ ਹੈ। ਪਿਛਲੇ ੨ ਮਹੀਨਿਆਂ ਦੇ ਦੌਰਾਨ ਗ੍ਰਿਫਤਾਰ ਕੀਤੇ ਇਨ੍ਹਾਂ ੧੭੬ ਅਕਾਲੀਆਂ ਵਿਰੁਧ ਕੇਸ ਵੀ ਵਾਪਸ ਲੈ ਲਏ ਗਏ ਹਨ। ਦਿੱਲੀ ਪ੍ਰਸ਼ਾਸਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਵੀ ਅਜਿਹੇ ਹੁਕਮ ਜਾਰੀ ਕੀਤੇ ਹਨ।

—ਅਜੀਤ, ੧੨-੫-੮੪



www.AKJ.Org

## 'ਕਾਰ ਸੇਵਾ' ਦੇ ਟਰੱਕ ਤੇ ਫਾਇਰਿੰਗ ਧਾਰਮਕ ਮਾਮਲਿਆਂ ਵਿਚ ਸਿੱਧਾ ਦਖਲ–ਸੰਤ ਲੌਂਗੋਵਾਲ ਦਾ ਦੋਸ਼

ਅੰਮ੍ਰਿਤਸਰ, ੧੨ ਮਈ—(ਪੀ.ਟੀ.ਆਈ.) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਵਿਚ 'ਕਾਰ ਸੇਵਾ' ਦੇ ਟਰੱਕ ਤੇ ਕੇਂਦਰੀ ਪੁਲਸ ਵਲੋਂ ਕੀਤੀ ਗਈ ਫਾਇਰਿੰਗ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਧਾਰਮਕ ਮਾਮਲਿਆਂ ਵਿਚ ਸਿਧਾ ਦਖਲ ਹੈ। ਉਹਨਾਂ ਸਰਕਾਰ ਤੇ ਪੁਲਸ ਦੇ ਦਾਅਵੇ ਨੂੰ ਮਨਘੜਤ ਦਸਿਆ ਕਿ ਟਰੱਕ ਵਿਚੋਂ ਅਸਲਾ ਤੇ ਗੋਲੀ ਸਿਕਾ ਮਿਲਿਆ ਹੈ। ਉਹਨਾਂ ਕਿਹਾ ਕਿ ਅਜਿਹੇ ਦੋਸ਼ ਲਾ ਕੇ ਸਰਕਾਰ ਧਾਰਮਕ ਸ਼ਖਸੀਅਤਾਂ ਦੀ ਬਦਨਾਮੀ ਕਰ ਰਹੀ ਹੈ। ਉਹਨਾਂ ਕਿਹਾ ਕਿ ਟਰੱਕ ਚੰਦੇ ਇਕੱਠੇ ਕਰਨ ਲਈ ਜਾ ਰਿਹਾ ਸੀ। ਸੰਤ ਜੀ ਨੇ ਕਿਹਾ ਕਿ ਸਰਕਾਰ ਨੇ ਇਹ ਗਲਤ ਕਹਾਣੀ ਘੜੀ ਹੈ ਕਿ ਟਰੱਕ ਵਿਚ ਭਾਰੀ ਮਾਤਰਾ ਵਿਚ ਅਸਲਾ ਲਿਜਾਇਆ ਜਾ ਰਿਹਾ ਸੀ। ਪੁਲਸ ਨੇ ਟਰੱਕ ਵਿਚੋਂ ਕੋਈ ਅਸਲਾ ਬਰਾਮਦ ਨਹੀਂ ਕੀਤਾ। ਉਹਨਾਂ ਸਰਕਾਰ ਨੂੰ ਵਾਰਨਿੰਗ ਦਿਤੀ ਕਿ ਉਹ ਸਿਖਾਂ ਅਤੇ ਉਨ੍ਹਾਂ ਦੇ ਧਰਮ ਅਸਥਾਨਾਂ ਬਾਰੇ ਗਲਤ ਕਹਾਣੀਆਂ ਨਾ ਉਡਾਏ ਨਹੀਂ ਤਾਂ ਹਾਲਤ ਹੋਰ ਖਰਾਬ ਹੋ ਜਾਵੇਗੀ।......

—ਅਜੀਤ, ੧੩-੫–੮੪

## ਰਮੇਸ਼ ਜੀ ਦਾ ਕਤਲ ਅਤੇ ਜਲੰਧਰ ਅਗਨੀ-ਕਾਂਡ

ਕਲੁ ਹਿੰਦ ਸਮਾਚਾਰ ਗਰੁਪ ਆਫ ਪੇਪਰਜ਼ ਦੇ ਐਡੀਟਰ ਸ੍ਰੀ ਰਮੇਸ਼ ਚੰਦਰ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਨਾਲ ਉਡਾ ਦਿਤਾ। ਉਹ ਆਪਣੀ ਕਾਰ ਆਪ ਹੀ ਚਲਾ ਰਹੇ ਸਨ। ਉਹਨਾਂ ਦੇ ਦੋਵੇਂ ਗੰਨਮੈਨ ਅਜੀਤ ਸਿੰਘ ਤੇ ਦੀਵਾਨ ਚੰਦ ਪਿਛੇ ਬੈਠੇ ਸਨ। ਸ੍ਰੀ ਰਮੇਸ਼ ਚੰਦ ਤਾਂ ਉਥੇ ਹੀ ਦਮ ਤੋੜ ਗਏ, ਜਦ ਕਿ ਅਜੀਤ ਸਿੰਘ ਤੇ ਦੀਵਾਨ ਚੰਦ ਨੂੰ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਪੁਚਾ ਦਿਤਾ ਗਇਆ। ਇਹ ਖਬਰ ਸੁਣਦਿਆਂ ਹੀ ਬਹੁਤ ਵਡੀ ਭੀੜ ਇਕੱਠੀ ਹੋ ਗਈ ਅਤੇ ਭੜਕਾਹਟ ਵਿਚ ਆ ਕੇ ਨਗਰ ਨਿਗਮ ਦੀਆਂ ਬੱਸਾਂ ਅਤੇ ਸਟੋਰ ਨੂੰ ਅੱਗ ਲਾ ਦਿਤੀ। ਭੜਕੀ ਹੋਈ ਭੀੜ ਨੇ ਪੁਰਾਣੇ ਬੱਸ ਸਟੈਂਡ ਤੇ ਪਏ ਹੋਏ ਡੀਜ਼ਲ ਦੇ ਡਰੰਮਾਂ ਨੂੰ ਅੱਗ ਲਗਾ ਦਿਤੀ। ਪੀ.ਆਈ.ਬੀ., ਵਿਜੇ ਬੈਂਕ ਅਤੇ ਯੂਨਾਈਟਿਡ ਕਮਰਸ਼ੀਅਲ ਬੈਂਕ ਨੂੰ ਵੀ ਅੱਗ ਲਗਾ ਦਿਤੀ। ਦਸਿਆ ਜਾਂਦਾ ਹੈ ਕਿ ਇਸ ਬੱਸ ਸਟੈਂਡ ਤੇ ਖੜ੍ਹੀਆਂ ਇਕ ਦਰਜਨ ਬੱਸਾਂ ਸੜ ਗਈਆਂ। ਇਸ ਅਗ ਦੀਆਂ ਲਾਟਾਂ ਇਕ ਕਿਲੋਮੀਟਰ ਦੀ ਦੂਰੀ ਤੋਂ ਨਜ਼ਰ ਆ ਰਹੀਆਂ ਸਨ। ਗੁਰੂ ਨਾਨਕ ਲਾਇਬਰੇਰੀ, ਜਿਥੋਂ ਕਿ ਰਮੇਸ਼ ਜੀ ਸਮਾਰੋਹ ਵਿਚ ਸ਼ਾਮਲ ਹੋ ਕੇ ਨਿਕਲੇ ਸਨ, ਉਸ ਨੂੰ ਵੀ ਅੱਗ ਲਗਾ ਦਿਤੀ ਗਈ। ਬਹੁਤ ਸਾਰੀਆਂ ਹੋਰ ਦੁਕਾਨਾਂ ਬਲਿਊ ਸਟਾਰ, ਚਾਇਨੀਜ਼ ਸ਼ੂਜ਼, ਸਾਹਨੀ ਰੇਡੀਓਜ਼, ਪਾਹਵਾ ਰੀਫਰੈਸ਼ਮੈਂਟ, ਸਿੰਘ ਬ੍ਰਦਰਜ਼ ਆਦਿ ਨੂੰ ਵੀ ਅੱਗ ਲਗਾਉਣ ਤੇ ਨੁਕਸਾਨ ਪੁਚਾਉਣ ਦਾ ਜਤਨ ਕੀਤਾ। ਭੜਕੀ ਹੋਈ ਭੀੜ ਨੇ ਇਕ ਫਿਰਕੇ ਦੇ ਲੋਕਾਂ ਦੀਆਂ ਕਾਰਾਂ ਤੇ ਵੀ ਪਥਰਾਓ ਕੀਤਾ ਤੇ ਮਾਰ ਕੁਟਾਈ ਵੀ ਕੀਤੀ।......

—ਹਮਦਰਦ, ਅਜੀਤ ੧੪-੫–੮੪

## ਜਲੰਧਰ ਅੱਗ-ਪੀੜਤ ਦੁਕਾਨਦਾਰ–ਅਕਾਲੀ ਵਫ਼ਦ

ਜਲੰਧਰ, ੧੭ ਮਈ (ਸਟਾਫ ਰਿਪੋਰਟਰ)—ਸ਼ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ: ਆਤਮਾ ਸਿੰਘ ਅਤੇ ਸ: ਉਜਾਗਰ ਸਿੰਘ ਸੇਖਵਾਂ ਨੇ ਅਜ ਇਥੇ ਸਥਾਨਕ ਅਕਾਲੀ ਨੇਤਾਵਾਂ ਨਾਲ ਜਲੰਧਰ ਵਿਚ ੧੨ ਮਈ ਨੂੰ ਸਾੜੀਆਂ ਗਈਆਂ ਦੁਕਾਨਾਂ ਦਾ ਚਕਰ ਲਾਇਆ ਅਤੇ ਨੁਕਸਾਨ ਦਾ ਜਾਇਜ਼ਾ ਲਿਆ। ਸਾਰੇ ਲੀਡਰ ਸਾਹਨੀ ਰੇਡੀਓ, ਸਿੰਘ ਬ੍ਰਦਰਜ਼ ਫੋਟੋ ਗ੍ਰਾਫਰ, ਲਕਸ਼ਮੀ ਕਮਰਸ਼ਲ ਬੈਂਕ, ਸੁਪਰੀਮ ਰੇਡੀਓ, ਬਲਿਊ ਸਟਾਰ ਅਤੇ ਹੋਰ ਦੁਕਾਨਾਂ ਤੇ ਗਏ ਅਤੇ ਹਾਲਤ ਦਾ ਜਾਇਜ਼ਾ ਲਿਆ।..... ਇਸ ਪਿਛੋਂ ਇਹ ਦੋਵੇਂ ਲੀਡਰ ਸਥਾਨਕ ਅਕਾਲੀ ਲੀਡਰਾਂ ਸਮੇਤ ਜਲੰਧਰ ਡਵੀਯਨ ਦੇ ਕਮਿਸ਼ਨਰ ਅਤੇ ਐਸ.ਐਸ.ਪੀ. ਸ: ਭੁਲਰ ਨੂੰ ਮਿਲੇ। ਸ: ਸੇਖਵਾਂ ਤੇ ਸ: ਆਤਮਾ ਸਿੰਘ ਤੇ ਸਥਾਨਕ ਲੀਡਰਾਂ ਨੇ ਅਧਿਕਾਰੀਆਂ ਤੇ ਜ਼ੋਰ ਦਿਤਾ ਕਿ ਜਿਹਨਾਂ ਲੋਕਾਂ ਦੀਆਂ ਦੁਕਾਨਾਂ ਸੜੀਆਂ ਹਨ, ਉਨ੍ਹਾਂ ਨੂੰ ਫੌਰਨ ਐਡਹਾਕ ਤੌਰ ਤੇ ਮਦਦ ਦਿਤੀ ਜਾਵੇ ਅਤੇ ਪਿਛੋਂ ਸਾਰਾ ਨੁਕਸਾਨ ਪੂਰਾ ਕੀਤਾ ਜਾਵੇ। ਕਮਿਸ਼ਨਰ ਸਾਹਿਬ ਨੇ ਭਰੋਸਾ ਦਿਤਾ ਕਿ ਉਹ ਕੇਂਦਰੀ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਇਸ ਬਾਰੇ ਗਲਬਾਤ ਕਰ ਰਹੇ ਹਨ ਅਤੇ ਤੁਰੰਤ ਕਦਮ ਚੁਕੇ ਜਾਣਗੇ।...ਇਨ੍ਹਾਂ ਸਾਰੇ ਨੇਤਾਵਾਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਨੇ ਵੀ ਕੁਤਾਹੀ ਤੋਂ ਕੰਮ ਲਿਆ ਹੈ। ਜੇ ਪੁਲਸ ਫੌਰੀ ਤੌਰ ਤੇ ਕਾਰਵਾਈ ਕਰਦੀ ਤਾਂ ਇਹ ਹਾਲਾਤ ਪੈਦਾ ਨਾ ਹੁੰਦੇ। ਅਕਾਲੀ ਨੇਤਾਵਾਂ ਨੇ ਕਿਹਾ ਕਿ ਲੋਕ ਆਪਣੀ ਜਾਨ ਅਤੇ ਮਾਲ ਨੂੰ ਸੁਰਖਿਅਤ ਨਹੀਂ ਸਮਝ ਰਹੇ ਅਤੇ ਲੋਕਾਂ ਵਿਚ ਹਾਲਾਂ ਵੀ ਦਹਿਸ਼ਤ ਫੈਲੀ ਹੋਈ ਹੈ। ਐਸ.ਐਸ.ਪੀ. ਸ: ਭੁਲਰ ਨੇ ਵਫਦ ਨੂੰ ਭਰੋਸਾ ਦਿਤਾ ਕਿ ਸ਼ਹਿਰ ਵਿਚ ਅਮਨ–ਕਾਨੂੰਨ ਕਾਇਮ ਰੱਖਣ ਲਈ। ਪੂਰੀ ਚੌਕਸੀ ਵਰਤੀ ਜਾ ਰਹੀ ਹੈ।

—ਅਜੀਤ, ੧੫-੫-੮੪

## ਗੁਰੂ ਰਾਮਦਾਸ ਲੰਗਰ ਦੀ ਇਮਾਰਤ ਤੇ ਸੀ. ਆਰ.ਪੀ. ਵਲੋਂ ਗੋਲੀ

ਅੰਮ੍ਰਿਤਸਰ, ੨੦ ਮਈ—ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੀ.ਆਰ.ਪੀ.ਐਫ. ਵਲੋਂ ਸ੍ਰੀ ਗੁਰੂ ਰਾਮ ਦਾਸ ਲੰਗਰ ਦੀ ਇਮਾਰਤ ਤੇ ਗੋਲੀ ਚਲਾਉਣ ਦੀ ਪੁਰਜ਼ੋਰ ਨਿਖੇਧੀ ਕਰਦੇ ਹੋਏ ਕਿਹਾ ਕਿ ਸੀ.ਆਰ.ਪੀ. ਨੇ ਜਾਣ ਬੁਝ ਕੇ ਇਹ ਕਾਰਵਾਈ ਭੜਕਾਹਟ ਪੈਦਾ ਕਰਨ ਲਈ ਕੀਤੀ ਹੈ। ਸੰਤ ਜੀ ਨੇ ਕਿਹਾ ਕਿ ਉਹ ਪਹਿਲਾਂ ਹੀ ਸੀ.ਆਰ.ਪੀ. ਐਫ. ਦੀਆਂ ਸਾਜ਼ਿਸ਼ਾਂ ਬਾਰੇ ਸਪਸ਼ਟ ਕਰ ਚੁਕੇ ਹਨ, ਜਿਸਦਾ ਸਪਸ਼ਟ ਸਬੂਤ ਇਹ ਵਾਰਦਾਤ ਹੈ। ਸੰਤ ਜੀ ਨੇ ਹੋਰ ਕਿਹਾ ਕਿ ਸੀ.ਆਰ.ਪੀ.ਐਫ. ਨੇ ਸ੍ਰੀ ਗੁਰੂ ਰਾਮਦਾਸ ਲੰਗਰ ਤੇ ਗੋਲੀ ਚਲਾ ਕੇ ਸ੍ਰੀ ਹਰਿਮੰਦਰ ਸਾਹਿਬ ਤੇ ਸਿੱਧਾ ਹਮਲਾ ਕੀਤਾ ਹੈ ਅਤੇ ਗੁਰਧਾਮਾਂ ਦੇ ਸਤਿਕਾਰ ਦੀ ਬੇਹੁਰਮਤੀ ਕੀਤੀ ਹੈ। ਉਹਨਾਂ ਨੇ ਆਪਣੇ ਇਸ ਇਲਜ਼ਾਮ ਨੂੰ ਫਿਰ ਦੁਹਰਾਇਆ ਕਿ ਗਵਰਨਰ ਦੇ



www.AKJ.Org

ਸਲਾਹਕਾਰ ਸ੍ਰੀ ਸੁਰਿੰਦਰ ਨਾਥ ਦੇ ਇਸ਼ਾਰੇ ਤੇ ਇਹ ਕਾਰਵਾਈ ਆਰੰਭ ਕੀਤੀ ਗਈ ਹੈ। ਸੰਤ ਜੀ ਨੇ ਸਰਕਾਰ ਤੇ ਜ਼ੋਰ ਦਿੰਦਿਆਂ ਕਿਹਾ ਕਿ ਸੀ.ਆਰ.ਪੀ.ਐਫ. ਨੂੰ ਤੁਰੰਤ ਹੀ ਦਰਬਾਰ ਸਾਹਿਬ ਦੇ ਦੁਆਲਿਓਂ ਹਟਾਇਆ ਜਾਵੇ ਅਤੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ, ਅਜਿਹੇ ਜ਼ੁਲਮ ਅਤੇ ਜਬਰ ਦੇ ਟਾਕਰੇ ਲਈ ਤਤਪਰ ਰਹਿਣ। ਸ: ਰਣਜੀਤ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਸੀ.ਆਰ.ਪੀ.ਐਫ. ਵਲੋਂ ਚਲਾਈ ਗਈ ਇਸ ਗੋਲੀ ਦੀ ਵਾਰਦਾਤ ਦੀ ਸੂਚਨਾ ਪੁਲਸ ਸਟੇਸ਼ਨ ਕੋਤਵਾਲੀ ਨੂੰ ਦੇ ਦਿਤੀ ਹੈ।...

—ਅਜੀਤ, ੨੧-੫-੮੪

## ਅਕਾਲੀ ਦਲ ਵਲੋਂ ਕੇਂਦਰ ਵਿਰੁਧ ੩ ਜੂਨ ਤੋਂ ਨਾ-ਮਿਲਵਰਤਣ ਅੰਦੋਲਨ—

### ਸੰਤ ਜੀ ਵਲੋਂ ਐਲਾਨ—

ਅੰਮ੍ਰਿਤਸਰ, ੨੩ ਮਈ (ਯੂ.ਐਨ.ਆਈ., ਪੀ.ਟੀ.ਆਈ.)—ਅਕਾਲੀ ਦਲ ਨੇ ੨੨ ਮਹੀਨੇ ਤੋਂ ਚਲ ਰਹੇ ਧਰਮ ਯੁਧ ਮੋਰਚੇ ਨੂੰ ਤੇਜ਼ ਕਰਨ ਲਈ ਕੇਂਦਰ ਸਰਕਾਰ ਵਿਰੁਧ ਨਾ-ਮਿਲਵਰਤਣ ਅੰਦੋਲਨ ਚਲਾਉਣ ਦਾ ਫੈਸਲਾ ਕੀਤਾ ਹੈ। ਇਹ ਐਲਾਨ ਅਜ ਪਾਰਟੀ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਖਚਾਖਚ ਭਰੇ ਪਤਰਕਾਰ ਸੰਮੇਲਨ ਵਿਚ ਕੀਤਾ।

**ਅੰਦੋਲਨ ੩ ਜੂਨ ਤੋਂ**—ਸੰਤ ਲੌਂਗੋਵਾਲ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਮੌਕੇ ਤੇ ਤਿੰਨ ਜੂਨ ਤੋਂ ਪਾਰਟੀ ਦੇ ਵਾਲੰਟੀਅਰ ਪੰਜਾਬ ਤੋਂ ਦੂਜੇ ਰਾਜਾਂ ਨੂੰ ਅਨਾਜ ਦੀ ਸਪਲਾਈ ਰੋਕਣਗੇ ਅਤੇ ਮਾਲੀਆ ਤੇ ਆਬਿਆਨਾ ਨਾ ਦੇਣ ਦੀ ਮੁਹਿੰਮ ਚਲਾਈ ਜਾਵੇਗੀ। ਅੰਦੋਲਨ ਦੇ ਪਹਿਲੇ ਪੜਾਅ ਵਿਚ ਪੰਜਾਬ ਦੇ ਕਿਸਾਨਾਂ ਨੂੰ ਕਿਹਾ ਜਾਵੇਗਾ ਕਿ ਉਹ ਸਰਕਾਰ ਨੂੰ ਮਾਲੀਆ ਤੇ ਆਬਿਆਨਾ ਨਾ ਦੇਣ। ਉਹਨਾਂ ਦਸਿਆ ਕਿ ਅਗਲੇ ਪੜਾਅ ਵਿਚ ਪਾਰਟੀ ਦੇ ਵਰਕਰ ਸਮੇਂ ਸਮੇਂ ਸਿਰ ਪੰਜਾਬ ਤੋਂ ਦੇਸ਼ ਦੇ ਦੂਜੇ ਭਾਗਾਂ ਨੂੰ ਜਾਂਦਾ ਨਹਿਰੀ ਪਾਣੀ ਅਤੇ ਬਿਜਲੀ ਸਪਲਾਈ ਰੋਕਣਗੇ। ਸੰਤ ਜੀ ਨੇ ਦਸਿਆ ਕਿ ਪਾਰਟੀ ਅੰਦੋਲਨ ਦੇ ਦੂਜੇ ਪੜਾਅ ਦਾ ਐਲਾਨ ਤਿੰਨ ਜੂਨ ਤੋਂ ਪਿਛੋਂ ਕੀਤਾ ਜਾਵੇਗਾ। ਉਹਨਾਂ ਦਸਿਆ ਕਿ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਜ਼ਿਲਾ ਜਥੇਦਾਰਾਂ ਨੂੰ ਹਦਾਇਤਾਂ ਭੇਜ ਦਿਤੀਆਂ ਗਈਆਂ ਹਨ। ਬੀਤੀ ਰਾਤ ਅਕਾਲੀ ਦਲ ਹਾਈ ਕਮਾਂਡ ਦੀ ਹੋਈ ਮੀਟਿੰਗ ਪਿਛੋਂ ਅਜ ਪਾਰਟੀ ਦੇ ਨਵੇਂ ਐਕਸ਼ਨ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਮੀਟਿੰਗ ਹੋਰ ਗੱਲਾਂ ਤੋਂ ਬਿਨਾਂ ਰਾਜ ਦੀ ਮੌਜੂਦਾ ਰਾਜਸੀ ਸਥਿਤੀ ਅਤੇ ਮੋਰਚੇ ਦੀ ਨਵੀਂ ਰਣਨੀਤੀ ਤਿਆਰ ਕਰਨ ਲਈ ਬੁਲਾਈ ਗਈ ਸੀ। ਹਿੰਦੁਸਤਾਨ ਸਮਾਚਾਰ ਅਨੁਸਾਰ ਸੰਤ ਜੀ ਨੇ ਕਿਹਾ ਕਿ ੩ ਜੂਨ ਤੋਂ ਪਿਛੋਂ ਕਣਕ ਦਾ ਇਕ ਦਾਣਾ ਵੀ ਬਾਹਰ ਨਹੀਂ ਜਾਣ ਦਿਤਾ ਜਾਵੇਗਾ। ਸੰਤ ਲੌਂਗੋਵਾਲ ਨੇ ਕਿਹਾ ਕਿ ਇਸ ਤੋਂ ਇਲਾਵਾ ਉਕਤ ਪ੍ਰੋਗਰਾਮ ਦੇ ਅਧੀਨ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਟੈਕਸ ਨਹੀਂ ਦਿਤਾ ਜਾਏਗਾ ਅਤੇ ਨਾ ਹੀ ਬਿਲਾਂ ਆਦਿ ਦਾ ਭੁਗਤਾਨ ਕੀਤਾ ਜਾਏਗਾ। ਉਹਨਾਂ ਕਿਹਾ ਜੇ ਇਸ ਦੌਰਾਨ ਸਰਕਾਰ ਨੇ ਕਿਸੇ ਦੇ ਖਿਲਾਫ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਕੀਤੀ ਤਾਂ ਅਕਾਲੀ ਦਲ ਉਸ ਦੇ ਖਿਲਾਫ ਕਾਰਵਾਈ ਕਰੇਗਾ।.....

ਸੰਤ ਲੌਂਗੋਵਾਲ ਨੇ ਦੋਸ਼ ਲਾਇਆ ਕਿ ਕੇਂਦਰ ਪੰਜਾਬੀਆਂ ਅਤੇ ਖਾਸ ਕਰਕੇ ਸਿਖਾਂ ਵਿਰੁਧ ਵਿਤਕਰਾ ਕਰ ਰਿਹਾ ਹੈ। ਦਲ ਇਸ ਵਿਰੁਧ ਆਪਣਾ ਸੰਘਰਸ਼ ਜਾਰੀ ਰਖੇਗਾ। ਉਹਨਾਂ ਸਪਸ਼ਟ ਕੀਤਾ ਕਿ ਜਦੋਂ ਤਕ ਅਨੰਦਪੁਰ ਸਾਹਿਬ ਦੇ ਮਤੇ ਵਿਚ ਦਰਜ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਨ੍ਹਾਂ ਦਾ ਅਗਲਾ ਐਕਸ਼ਨ ਪ੍ਰੋਗਰਾਮ ਜਾਰੀ ਰਹੇਗਾ। ਅਕਾਲੀ ਵਾਲੰਟੀਅਰ ਰੋਜ਼ ਵਾਂਗ ਗ੍ਰਿਫਤਾਰੀਆਂ ਦਿੰਦੇ ਰਹਿਣਗੇ। ਨਾ-ਮਿਲਵਰਤਣ ਅੰਦੋਲਨ ਅਕਾਲੀ ਦਲ ਦਾ ਚੌਥਾ ਵਡਾ ਪ੍ਰੋਗਰਾਮ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਨੇ 'ਰਸਤਾ ਰੋਕੋ', 'ਰੇਲ ਰੋਕੋ' ਅਤੇ 'ਕੰਮ ਰੋਕੋ' ਅੰਦੋਲਨ ਦੀ ਕਾਲ ਦਿਤੀ ਸੀ, ਜਿਨ੍ਹਾਂ ਨੂੰ ਭਾਰੀ ਸਫਲਤਾ ਮਿਲੀ ਸੀ।

—ਅਜੀਤ ੨੪-੫-੮੪

## ਤਖਤ ਸਾਹਿਬਾਨ ਤੇ ਕਿੰਤੂ ਨਹੀਂ—ਸਿੰਘ ਸਾਹਿਬਾਨ ਵਲੋਂ ੬ ਸੂਤਰੀ ਆਦੇਸ਼ ਜਾਰੀ

ਅੰਮ੍ਰਿਤਸਰ, ੨੩ ਮਈ—(ਪੀ.ਟੀ ਆਈ. ਪੱਤਰ ਪ੍ਰੇਰਕ)—ਅਕਾਲ ਤਖਤ ਦੇ ਜਥੇਦਾਰ ਗਿ: ਕਿਰਪਾਲ ਸਿੰਘ ਸਮੇਤ ੫ ਸਿੰਘ ਸਾਹਿਬਾਨ ਗਿਆਨੀ ਸਾਹਿਬ ਸਿੰਘ, ਗਿ: ਹਰਚਰਨ ਸਿੰਘ ਮਹਾਲੋਂ, ਸੰਤ ਲੱਖਾ ਸਿੰਘ ਅਤੇ ਗਿਆਨੀ ਪ੍ਰੀਤਮ ਸਿੰਘ ਨੇ ਆਪਣੇ ਇਕ ਸਾਂਝੇ ਬਿਆਨ ਰਾਹੀਂ ਚਿਤਾਵਨੀ ਦਿਤੀ ਹੈ ਕਿ ਅਕਾਲ ਤਖਤ ਅਤੇ ਹੋਰ ਤਖਤ ਸਾਹਿਬਾਨ ਵਲੋਂ ਕੀਤੇ ਕਿਸੇ ਫੈਸਲੇ, ਅਪੀਲ, ਹਦਾਇਤ ਜਾਂ ਹੁਕਨਾਮੇ ਤੇ ਕਿਸੇ ਪ੍ਰਕਾਰ ਦੀ ਕੋਈ ਟੀਕਾ ਟਿਪਣੀ ਨਹੀਂ ਕੀਤੀ ਜਾ ਸਕਦੀ। ਅਜ ਇਥੇ ਜਾਰੀ ਕੀਤੇ ਗਏ ਇਕ ਬਿਆਨ ਵਿਚ ਕਿਹਾ ਗਿਆ ਕਿ ਅਕਾਲ ਤਖਤ ਖਾਲਸਾ ਪੰਥ ਦੀ ਸਰਵ-ਉੱਚ ਅਥਾਰਟੀ ਹੈ, ਜਿਸਦੇ ਕਿਸੇ ਫੈਸਲੇ, ਅਪੀਲ, ਆਦੇਸ਼ ਜਾਂ ਹੁਕਮਨਾਮੇ ਤੇ ਕਿੰਤੂ ਜਾਂ ਉਸਨੂੰ ਚੈਲੰਜ ਨਹੀਂ ਕੀਤਾ ਜਾ ਸਕਦਾ। ਸਿਖ ਇਤਿਹਾਸ ਵਿਚ ਕੋਈ ਅਜਿਹੀ ਮਿਸਾਲ ਨਹੀਂ ਮਿਲਦੀ ਕਿ ਅਕਾਲ ਤਖਤ ਜਾ ਹੋਰ ਤਖਤ ਸਾਹਿਬਾਨ ਦੇ ਕਿਸੇ ਆਦੇਸ਼ ਦੀ ਕਦੇ ਕਿਸੇ ਸਿੰਘ ਵਲੋਂ ਅਵੱਗਿਆ ਕੀਤੀ ਗਈ ਹੋਏ ਜਾਂ ਉਸ ਤੇ ਕਿੰਤੂ ਕੀਤਾ ਹੋਵੇ ਜਿਵੇਂ ਪਿਛਲੇ ਕੁਛ ਅਰਸੇ ਦੌਰਾਨ ਕੁਝ ਸਿੰਘਾਂ ਵਲੋਂ ਸ੍ਰੀ ਅਕਾਲ ਤਖਤ ਅਤੇ ਹੋਰ ਤਖਤਾਂ ਦੇ ਜਥੇਦਾਰ ਸਾਹਿਬਾਨ ਵਲੋਂ ਜਾਰੀ ਅਪੀਲ ਜਾਂ ਆਦੇਸ਼ ਤੇ ਕੀਤਾ ਗਿਆ, ਇਹ ਅਫਸੋਸਨਾਕ ਹੀ ਨਹੀਂ, ਸਗੋਂ ਪੰਥ ਦੀ ਸੁਪਰੀਮ ਅਥਾਰਟੀ ਦਾ ਸਿਧਾ ਅਪਮਾਨ ਹੈ। ਭਵਿਖ ਵਿਚ ਕੋਈ ਵੀ ਸਿੰਘ ਅਕਾਲ ਤਖਤ ਸਾਹਿਬ ਦੇ ਆਦੇਸ਼ ਨੂੰ ਵੰਗਾਰਨ ਦੀ ਗੁਸਤਾਖੀ ਨਾ ਕਰ ਸਕੇ, ਇਸ ਉਦੇਸ਼ ਲਈ ਹੇਠ ਲਿਖਿਆ ਉਦੇਸ਼ ਜਾਰੀ ਕੀਤਾ ਜਾ ਰਿਹਾ ਹੈ :—(੧) ਕੋਈ ਸਿਖ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਜਾਂ ਦੂਜੇ ਤਖਤ ਸਾਹਿਬਾਨ ਅਤੇ ਸਿਖ ਸਾਹਿਬਾਨ ਦੀ ਸ਼ਾਨ ਦੇ ਖਿਲਾਫ ਅਖਬਾਰਾਂ, ਟਰੈਕਟ ਜਾਂ ਕਿਸੇ ਹੋਰ ਸਾਧਨ ਰਾਹੀਂ ਪਬਲਿਕ ਵਿਚ ਕੋਈ ਬਿਆਨਬਾਜ਼ੀ ਨਾ ਕਰੇ। (੨) ਜੇਕਰ ਕੋਈ ਅਪੀਲ ਤਖਤ ਸਾਹਿਬ ਦੇ ਕਰਨੀ ਯੋਗ


www.AKJ.Org

ਸਮਝੀ ਜਾਏ ਤਾਂ ਉਹ ਲਿਖਤੀ ਰੂਪ ਵਿਚ ਸਾਡੇ ਤਕ ਅਪੜੇ ਜਾਂ ਆਪ ਪੇਸ਼ ਹੋ ਕੇ ਦਿਤੀ ਜਾਏ, ਉਸ ਅਪੀਲ ਨੂੰ ਅਖਬਾਰਾਂ ਜਾਂ ਟਰੈਕਟ ਰਾਹੀਂ ਲੋਕਾਂ ਚਿ ਪਰਚਾਰਿਆ ਨਾ ਜਾਏ । (੩) ਤਖਤ ਸਾਹਿਬਾਨ ਕਿਉਂਕਿ ਧੜਿਆਂ ਜਾਂ ਸੰਪਰਦਾਵਾਂ ਤੋਂ ਨਿਰਲੇਪ ਅਤੇ ਉਪਰ ਹਨ. ਇਸ ਲਈ ਇਹਨਾਂ ਦਾ ਫੈਸਲਾ ਹਰ ਸਿਖ ਤੇ ਲਾਗੂ ਹੁੰਦਾ ਹੈ । (੪) ਜੇਕਰ ਕਿਸੇ ਵਿਅਕਤੀ ਜਾਂ ਸੰਸਥਾ ਵਲੋਂ ਉਕਤ ਆਦੇਸ਼ ਦੇ ਉਲਟ ਕਿਸੇ ਲਿਖਤ ਜਾਂ ਬਿਆਨ ਰਾਹੀਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਦੂਸਰੇ ਤਖਤ ਸਾਹਿਬਾਨ ਅਤੇ ਸਿੰਘ ਸਾਹਿਬਾਨ ਦੀ ਉਚ-ਪਦਵੀ ਜਾਂ ਸ਼ਾਨ ਦੇ ਵਿਰੁਧ ਟੀਕਾ ਟਿਪਣੀ ਕੀਤੀ ਗਈ ਤਾਂ ਉਸ ਵਿਰੁਧ ਸਖ਼ਤ ਕਾਰਵਾਈ ਹੋਏਗੀ । (੫) ਸ੍ਰੀ ਅਕਾਲ ਤਖਤ ਸਾਹਿਬ ਦੇ ਸਬੰਧ ਚਿ ਅਖਬਾਰਾਂ ਤੇ ਪੈਂਫਲਟਾਂ ਰਾਹੀਂ ਟੀਕਾ ਟਿਪਣੀ ਅਨੁਚਿਤ ਹੈ ਅਤੇ ਤਖਤ ਸਾਹਿਬਾਨ ਦੀਆਂ ਪਰੰਪਰਾਵਾਂ ਦਾ ਅਪਮਾਨ ਹੈ । ਸ੍ਰੀ ਅਕਾਲ ਤਖਤ ਸਾਹਿਬ ਦੇ ਕਿਸੇ ਫੈਸਲੇ ਬਾਰੇ ਟੀਕਾ ਟਿਪਣੀ ਨੂੰ ਅਖਬਾਰਾਂ, ਇਸ਼ਤਿਹਾਰਾਂ, ਟਰੈਕਟਾਂ ਰਾਹੀਂ ਪਰਚਾਰਨਾ ਅਕਾਲ ਤਖਤ ਸਾਹਿਬ ਦੀ ਤੌਹੀਨ ਹੈ । ਜੇਕਰ ਦੁਨਿਆਵੀ ਅਦਾਲਤਾਂ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਫੈਸਲੇ ਤੇ ਅਖਬਾਰਾਂ ਵਿਚ ਟਿਪਣੀ ਹੱਤਕ ਮੰਨੀ ਜਾਂਦੀ ਹੈ ਤਾਂ ਅਕਾਲ ਪੁਰਖ ਦੇ ਤਖਤ ਵਿਰੁਧ ਅਜਿਹੀ ਗੁਸਤਾਖ਼ੀ ਕਿਵੇਂ ਕੀਤੀ ਜਾ ਸਕਦੀ ਹੈ । (੬) ਅਕਾਲ ਤਖਤ ਜਾਂ ਦੂਸਰੇ ਤਖਤ ਸਾਹਿਬਾਨ ਬਾਰੇ ਕੋਈ ਪੁਸਤਕ, ਟਰੈਕਟ ਜਾਂ ਇਸ਼ਤਿਹਾਰ ਜਥੇਦਾਰ ਸਾਹਿਬਾਨ ਦੀ ਪ੍ਰਵਾਨਗੀ ਤੋਂ ਬਿਨਾਂ ਪ੍ਰਕਾਸ਼ਤ ਨਾ ਕੀਤੇ ਜਾਣ । —ਅਜੀਤ, ੨੫-੫-੮੪

---

## ਗੁਰਦਵਾਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ ਤੇ ਧਾਰਮਕ ਇਨਾਮ

ਪਿਛਲੇ ਸਾਲਾਂ ਵਾਂਗ ੮ ਤੋਂ ੧੫ ਜੁਲਾਈ ੧੯੮੪ ਐਤਵਾਰ ਸੰਗਰਾਂਦ ਤਕ ਪ੍ਰੋਗਰਾਮ ਹੋ ਰਹੇ ਹਨ । ਸਵੇਰੇ ੨ ਵਜੇ ਇਸ਼ਨਾਨ ਤੇ ਨਿਤਨੇਮ, ਉਪਰੰਤ ਗੁਰੂ ਮਹਾਰਾਜ ਦੇ ਪ੍ਰਕਾਸ਼, ਨਾਮ ਅਭਿਆਸ, ਕੀਰਤਨ, ਕਥਾ, ਸੁਖਮਨੀ ਸੰਗਤੀ ਪਾਠ, ਅਲਪ ਅਹਾਰ ਤੇ ਅਲਪ ਅਰਾਮ ਕਰ ਕੇ ਸੋਦਰ ਆਰਤੀ ਰਾਤ ੮ ਵਜੇ ਤਕ ਪ੍ਰੋਗਰਾਮ । ਸ਼ੁਕਰਵਾਰ (੩੦ ਹਾੜ) ੧੩ ਜੁਲਾਈ ਨੂੰ ਬੱਚਿਆਂ ਦੇ "ਗੁਰਬਾਣੀ ਕੰਠ" ਮੁਕਾਬਲੇ ਕਰਾਏ ਜਾਣਗੇ ਅਤੇ ਯੋਗ ਬੱਚਿਆਂ ਨੂੰ ਵਖ ਵਖ ਤਿੰਨਾਂ ਦਰਜਿਆਂ ਦੇ ਇਨਾਮ ਵੰਡੇ ਜਾਣਗੇ ।

ਨੋਟ—(੧) ਲੋੜ ਅਨੁਸਾਰ ਬਿਸਤਰੇ ਲਿਆਓ ਜੀ । (੨) ਅੰਮ੍ਰਿਤ ਸਿੰਚਾਰ ੧੪ ਜੁਲਾਈ ਨੂੰ ਹੋਵੇਗਾ ।
(੩) ਇਕਾਂਤ ਭੰਗ ਕਰਨ ਵਾਲੇ ਬੱਚੇ ਨਾ ਲਿਆਓ ਜੀ । (੪) ਇਹ ਅਸਥਾਨ ਹੁਸ਼ਿਆਰਪੁਰ-ਦਸੂਹਾ ਰੋਡ ਤੇ ਹੈ ।

ਦਾਸਨ ਦਾਸ—ਸੇਵਾ ਸਿੰਘ (ਮੁਖੀ) ਗੁਰਦਵਾਰਾ ਰਾਮਪੁਰ ਖੇੜਾ, ਡਾ: ਗੜ੍ਹ ਦੀਵਾਲਾ (ਹੁਸ਼ਿਆਰਪੁਰ)

## ਪਠਾਨਕੋਟ (ਬਹਾਦਰ ਲਾੜੀ) ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਬੁਢੀ ਪਿੰਡ (ਹੁਸ਼ਿਆਰਪੁਰ) ਸੂਚਨਾ ਦੇਂਦੇ ਹਨ ਕਿ ੯ ਜਨ ਸ਼ਨੀਵਾਰ ਰਾਤ ਨੂੰ ਭਾਈ ਧਰਮ ਸਿੰਘ ਬੇਦੀ ਦੇ ਗ੍ਰਿਹ ਵਿਖੇ ਬੀਬੀ ਦੇ ਅਨੰਦ ਦੀ ਖੁਸ਼ੀ ਵਿਚ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ।

## ਜੰਮੂ ਵਿਖੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਿਹ ਵਿਖੇ ੧੬ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ੧੭ ਜੂਨ ਸਵੇਰੇ ਬੱਚੀ ਦੇ ਆਨੰਦ ਕਾਰਜ ਉਪਰੰਤ ਸਮਾਪਤੀ ਹੋਵੇਗੀ । ਦਰਸ਼ਨ ਦੇ ਕੇ ਨਿਵਾਜੋ ਜੀ ।

ਦਾਸਰਾ—ਹਰਬੰਸ ਸਿੰਘ, ਮਕਾਨ ਨੰ: ੨੯੧, ਪਿਛੋਕੜ ਸੈਂਟਰਲ ਜੇਲ੍ਹ, ਐਕਸਚੇਂਜ ਰੋਡ, ਜੰਮੂ

## ਸ਼ਹੀਦਾਂ ਦੀ ਯਾਦ ਵਿਚ ਸਿਧਵਾਂ ਬੇਟ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਸਿਧਵਾਂ ਬੇਟ ਵਿਚ ਸ਼ਹੀਦਾਂ ਦੀ ਯਾਦ ਵਿਚ ੨੩ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਜੁੜੋ ਜੀ ।

ਦਾਸਰਾ—ਗੁਰਤੇਜ ਸਿੰਘ ਖਾਲਸਾ, ਅਪਲੋ ਟਾਈਮ, ਸਾਮ੍ਹਣੇ ਸਿਵਲ ਹਸਪਤਾਲ, ਸਿਧਵਾਂ ਬੇਟ (ਲੁਧਿਆਣਾ)

## ਗੋਨਿਆਨਾ ਮੰਡੀ (ਬਠਿੰਡਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਤੀਰਥ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੧੬ ਜੂਨ ਸ਼ਨੀਵਾਰ ਰਾਤ ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ ਨਵੀਂ ਬਸਤੀ ਗੋਨਿਆਨਾ ਮੰਡੀ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਏ ਜੁੜੋ ਜੀ ।

## ਯਮੁਨਾ ਨਗਰ (ਅੰਬਾਲਾ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਕੁਲਵੰਤ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ੫੮-ਐਫ, ਰੇਲਵੇ ਕਵਾਟਰ, ਯਮੁਨਾ ਨਗਰ ਵਿਖੇ ਮਾਤਾ ਜੀ ਦੀ ਯਾਦ ਵਿਚ, ੨੩ ਜੂਨ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ

## ਸ: ਜਗਤ ਸਿੰਘ ਗਰੇਵਾਲ ਇੰਜੀਨੀਅਰ ਵਿਛੋੜਾ ਦੇ ਗਏ

ਸ: ਜਗਤ ਸਿੰਘ ਗਰੇਵਾਲ ਰੀਟਾਇਰਡ (Divl. Mech. Engg.) ਜੋ ਅਜ ਕਲ ਲਖਨਊ ਰਹਿ ਰਹੇ ਸਨ, ਤੇ ਅਖੰਡ ਕੀਰਤਨੀ ਜਥਾ ਲਖਨਊ ਦੇ ਮੁਖੀ ਸਨ, ੨੯-੪-੮੪ ਨੂੰ ਹੁਸ਼ਿਆਰਪੁਰ ਸਿਵਲ ਹਸਪਤਾਲ ਵਿਚ ਸਮੂਹ ਪਰਵਾਰ ਤੇ ਸਜਣਾਂ ਮਿਤਰਾਂ ਦੇ ਸਾਥ ਛਡ ਕੇ ਗੁਰੂ ਨੂੰ ਪਿਆਰੇ ਹੋ ਗਏ ਹਨ । ਵਿਛੜੀ ਆਤਮਾ ਦੀ ਸਹਾਇਤਾ ਲਈ ਉਨ੍ਹਾਂ ਦੇ ਪਿੰਡ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਵਿਖੇ ੧੧-੫-੮੪ ਨੂੰ ਸ੍ਰੀ ਅਖੰਡਪਾਠ ਦੇ ਭੋਗ ਪਾਏ ਗਏ । ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ । —'ਸੂਰਾ' ਪਰਵਾਰ

www.AKJ.Org

# ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ

## ਨਾਰੰਗਵਾਲ ਵਿਖੇ ਵੀਰਵਾਰ ੫ ਜੁਲਾਈ ਸਵੇਰ ਤੋਂ ੮ ਜੁਲਾਈ ਐਤਵਾਰ ਸਵੇਰ ਤਕ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੭ਵਾਂ ਜਨਮ-ਦਿਵਸ ਸਮਾਗਮ, ਉਨ੍ਹਾਂ ਦੇ ਨਿਜੀ ਅਸਥਾਨ ਨਾਰੰਗਵਾਲ ਵਿਖੇ ਇਲਾਕੇ ਦੀਆਂ ਸੰਗਤਾਂ ਤੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ—

੫ ਜੁਲਾਈ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ, ਸ਼ਾਮ ੭ ੩੦ ਤੋਂ ੧੦ ਸੋਦਰ ਤੇ ਕੀਰਤਨ
੬ ਜੁਲਾਈ ਸਵੇਰੇ ੫ ਤੋਂ ੯ ਕੀਰਤਨ ਆਸਾ ਦੀ ਵਾਰ, ਸ਼ਾਮ ੭-੩੦ ਤੋਂ ੧੦ ਸੋਦਰ ਤੇ ਕੀਰਤਨ
੭ ਜੁਲਾਈ ਸਵੇਰੇ ੪ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ੧੨ ਵਜੇ ਦੁਪਹਿਰ ਤਕ,
ਸ਼ਾਮ ੮ ਵਜੇ ਰੈਣ ਸਬਾਈ ਕੀਰਤਨ ਅਰੰਭ, ੮ ਜੁਲਾਈ ਸਵੇਰੇ ੬ ਵਜੇ ਸਮਾਪਤੀ ।

ਨੋਟ—ਸਾਰਾ ਸਮਾਗਮ ਗੁਰਦੁਆਰਾ ਅਕਾਲੀ ਵਾਲਾ ਵਿਖੇ ਹੋਵੇਗਾ । ਲੋੜ ਮੁਜਬ ਬਿਸਤਰੇ ਜ਼ਰੂਰ ਲਿਆਓ ਜੀ ।
ਨਾਰੰਗਵਾਲ ਲਈ ਲੁਧਿਆਣਾ ਬੱਸ-ਅੱਡੇ ਤੋਂ ੧੪ ਨੰਬਰ ਤੋਂ ਹਰ ਅੱਧੇ ਘੰਟੇ ਪਿਛੋਂ ਬੱਸ ਚਲਦੀ ਹੈ ।

ਪੁਛ ਗਿੱਛ—ਭਾਈ ਦਲਜੀਤ ਸਿੰਘ, ਨਾਰੰਗਵਾਲ (੧੪੧੨੦੩)
ਮਾ: ਬਲਬੀਰ ਸਿੰਘ, ਨਾਰੰਗਵਾਲ ਖੁਰਦ, P.O. ਨਾਰੰਗਵਾਲ

ਦਾਸਰੇ—ਅਖੰਡ ਕੀਰਤਨੀ ਜਥਾ ਲੁਧਿਆਣਾ
ਸੰਗਤ ਪਿੰਡ ਨਾਰੰਗਵਾਲ

## ਸ਼ਹੀਦ ਭਾਈ ਕੁਲਵੰਤ ਸਿੰਘ ਜੀ ਦੀ ਯਾਦ ਵਿਚ ਅੰਮ੍ਰਿਤਸਰ ਵਿਖੇ ਭਾਰੀ ਸਮਾਗਮ

ਸ਼ਹੀਦ ਭਾਈ ਕੁਲਵੰਤ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ਬੱਬਰ ਖਾਲਸਾ ਅਤੇ ਸਮੂਹ ਸੰਗਤਾਂ ਵਲੋਂ ਭਾਰੀ ਸ਼ਹੀਦੀ ਸਮਾਗਮ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਹੋ ਰਹੇ ਹਨ । ਸ਼ਹੀਦਾਂ ਦੀ ਯਾਦ ਤਾਜ਼ਾ ਰਖਣ ਲਈ ਹਾਜ਼ਰੀਆਂ ਭਰੋ ਜੀ । ਪ੍ਰੋਗਰਾਮ ਇਸ ਪ੍ਰਕਾਰ ਹੈ—

੧੪ ਜੂਨ ਵੀਰਵਾਰ ਸਵੇਰੇ ੫ ਵਜੇ ਆਸਾ ਦੀ ਵਾਰ ਉਪਰੰਤ ੭ ਵਜੇ ਸ੍ਰੀ ਅਖੰਡਪਾਠ ਆਰੰਭ, ੧੬ ਜੂਨ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ੯ ਵਜੇ ਤਕ ਕੀਰਤਨ ਆਸਾ ਦੀ ਵਾਰ, ੯ ਤੋਂ ੧੨ ਤਕ ਢਾਢੀ ਜਥੇ ਤੇ ਸ਼ਰਧਾਂਜਲੀਆਂ ਹੋਣਗੀਆਂ, ਉਪਰੰਤ ਲੰਗਰ । ੧੬ ਜੂਨ ਸ਼ਾਮ ਨੂੰ ਸੋਦਰ ਤੋਂ ਉਪਰੰਤ ੮ ਵਜੇ ਕੀਰਤਨ ਰੈਣ ਸਬਾਈ ਅਰੰਭ ਹੋਣਗੇ ।

## ਮਹਾਨ ਸ਼ਹੀਦ ਪੰਚਮ ਪਾਤਸ਼ਾਹ ਦੀ ਯਾਦ ਵਿਚ ਤਲਵੰਡੀ ਭਾਈ ਵਿਖੇ ਕੀਰਤਨ ਸਮਾਗਮ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੀ ਯਾਦ ਵਿਚ ੧੪ ਜੂਨ ਸਵੇਰੇ ਭਾਈ ਬਲਦੇਵ ਸਿੰਘ ਟਰੈਕਟਰ ਵਰਕਸ਼ਾਪ ਵਾਲਿਆਂ ਦੇ ਗ੍ਰਹਿ ਵਿਖੇ ਸ੍ਰੀ ਅਖੰਡਪਾਠ ਰਖੇ ਜਾਣਗੇ । ੧੬ ਜੂਨ ਸਵੇਰੇ ਅਖੰਡਪਾਠ ਦੇ ਭੋਗ ਤੋਂ ਉਪਰੰਤ ੯ ਵਜੇ ਤਕ ਕੀਰਤਨ ਆਸਾ ਦੀ ਵਾਰ ਹੋਣਗੇ । ੧੬ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁਰਦਵਾਰਾ ਕਲਗੀਧਰ ਵਿਖੇ ਹੋਣਗੇ । ਦਾਸਰੇ—ਤਰਲੋਕ ਸਿੰਘ ਜਗਜੀਤ ਸਿੰਘ, ਬਜਾਜ ਸਾਈਕਲ ਡੀਲਰਜ਼ ਤਲਵੰਡੀ ਭਾਈ

## ਮੰਡੀ ਅਹਿਮਦਗੜ੍ਹ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ੩੦ ਜੂਨ ਸ਼ਨੀਵਾਰ ਰਾਤ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਮੰਡੀ ਅਹਿਮਦਗੜ ਵਿਖੇ ਮਾਸਕ ਰੈਣ ਸਬਾਈ ਕੀਰਤਨ ਹੋ ਰਹੇ ਹਨ । ਪੁਜੋ ਤੇ ਲਾਹੇ ਪ੍ਰਾਪਤ ਕਰੋ ਜੀ ।

## ਪਿੰਡ ਤਲਵੰਡੀ ਰਤੋਵਾਲ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਸਮਾਗਮ

ਮਾ: ਨਿਰੰਜਨ ਸਿੰਘ ਜੀ ਗੁਰਦਾਸਪੁਰ ਸੂਚਨਾ ਦਿੰਦੇ ਹਨ ਕਿ ਭਾਈ ਦਲੀਪ ਸਿੰਘ ਰਤਨ ਸਿੰਘ ਤੇ ਹਰਭਜਨ ਸਿੰਘ ਦੇ ਮਾਤਾ ਪਿਤਾ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਹਿ ਵਿਖੇ ੮ ਤੋਂ ੧੦ ਜੂਨ ਐਤਵਾਰ ਤਕ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਹੋ ਰਹੇ ਹਨ । ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ ।

## ਗੁਰਦਾਸਪੁਰ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਮਾ: ਨਿਰੰਜਨ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਛੋਟੇ ਭਾਈ ਤਰਲੋਕ ਸਿੰਘ ਵਲੋਂ ਉਨ੍ਹਾਂ ਦੇ ਗ੍ਰਹਿ ਮਿਹਰ ਚੰਦ ਰੋਡ ਤੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ੧੫ ਤੋਂ ੧੭ ਜੂਨ ਤਕ ਸ੍ਰੀ ਅਖੰਡਪਾਠ ਤੇ ਕੀਰਤਨ ਅਖਾੜੇ ਸਜ ਰਹੇ ਹਨ । ਦਰਸ਼ਨ ਦੇ ਕੇ ਨਿਵਾਜੋ ਜੀ ।

'ਸੂਰਾ' ਮਾਸਕ ਪਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org